ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਮੰਗਲਵਾਰ, 03 ਨਵੰਬਰ / 2026 / ਅੰਕ 294 / ਪੰਨੇ 08 / ਮੁੱਲ 7 ਰੁ:

www.sanjhikhabar.com   E-mail : khabarsanjhi@gmail.com   sanjhikhabar   sanjhikahbar



CM ਭਗਵੰਤ ਮਾਨ ਨੇ ਮੰਡੋਲੀ 'ਚ 432.65 ਕਰੋੜ ਦੀ ਲਾਗਤ ਨਾਲ ਬਣੇ ਵਾਟਰ ਟਰੀਟਮੈਂਟ ਪਲਾਂਟ ਦਾ ਕੀਤਾ ਉਦਘਾਟਨ

ਸਾਂਝੀ ਖ਼ਬਰ



(ਗੁਰਜੀਤ ਕੌਰ)
ਪਟਿਆਲਾ/ਘਨੌਰ, 02 ਨਵੰਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਨੂੰ ਪਟਿਆਲਾ ਜ਼ਿਲ੍ਹੇ ਦੇ ਘਨੌਰ ਹਲਕੇ ਦੇ ਪਿੰਡ ਮੰਡੌਲੀ ਵਿਖੇ 432.65 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਦੋ ਅਤਿ-ਆਧੁਨਿਕ ਵਾਟਰ ਟ੍ਰੀਟਮੈਂਟ ਪਲਾਂਟ ਲੋਕਾਂ ਨੂੰ ਸਮਰਪਿਤ ਕੀਤੇ। ਇਨ੍ਹਾਂ ਪਲਾਂਟਾਂ ਦੇ ਚਾਲੂ ਹੋਣ ਨਾਲ ਪਟਿਆਲਾ ਅਤੇ ਫਤਹਿਗੜ੍ਹ ਸਾਹਿਬ ਜ਼ਿਲ੍ਹਿਆਂ ਦੇ 316 ਪਿੰਡਾਂ ਦੇ ਵਸਨੀਕਾਂ ਨੂੰ ਸਾਫ਼ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾਵੇਗਾ। ਇਸ ਪ੍ਰਾਜੈਕਟ ਨਾਲ ਕਰੀਬ 4.50 ਲੱਖ ਲੋਕਾਂ ਅਤੇ 75 ਹਜ਼ਾਰ ਘਰਾਂ ਨੂੰ ਲਾਭ ਮਿਲੇਗਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਦਹਾਕਿਆਂ ਤੋਂ ਇਨ੍ਹਾਂ ਪਿੰਡਾਂ ਦੇ ਲੋਕ ਦੂਸ਼ਿਤ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਸਨ। ਧਰਤੀ ਹੇਠਲੇ ਪਾਣੀ ਵਿੱਚ ਫਲੋਰਾਈਡ ਅਤੇ ਭਾਰੀ ਧਾਤਾਂ ਦੀ ਮਾਤਰਾ ਵੱਧ ਹੋਣ ਕਾਰਨ ਨਹਿਰੀ ਪਾਣੀ ਦੀ ਸਪਲਾਈ ਦਾ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ 80 ਸਾਲ ਬਾਅਦ ਵੀ ਲੋਕਾਂ ਨੂੰ ਪੀਣ ਵਾਲੇ ਸਾਫ਼ ਪਾਣੀ ਵਰਗੀ ਬੁਨਿਆਦੀ ਸਹੂਲਤ ਮੁਹੱਈਆ ਕਰਵਾਉਣੀ ਪੈ ਰਹੀ ਹੈ, ਜਦਕਿ ਇਹ ਕੰਮ ਪਹਿਲਾਂ ਹੀ ਹੋ ਜਾਣਾ ਚਾਹੀਦਾ ਸੀ।

ਮੁੱਖ ਮੰਤਰੀ ਨੇ ਦੱਸਿਆ ਕਿ ਮੰਡੌਲੀ ਅਤੇ ਪਾਬਰੀ ਵਿਖੇ ਬਣਾਏ ਗਏ ਪਲਾਂਟਾਂ ਦੀ ਸਮਰੱਥਾ ਬਾਰੇ ਪ੍ਰਾਜੈਕਟ ਤਹਿਤ ਰੋਜ਼ਾਨਾ ਲੱਖਾਂ ਲੀਟਰ ਨਹਿਰੀ ਪਾਣੀ ਨੂੰ ਸੋਧ ਕੇ ਸਪਲਾਈ ਕੀਤਾ ਜਾਵੇਗਾ। ਮੰਡੌਲੀ ਪਲਾਂਟ 'ਤੇ 266.20 ਕਰੋੜ ਅਤੇ ਪਾਬਰੀ ਪਲਾਂਟ 'ਤੇ 166.46 ਕਰੋੜ ਰੁਪਏ ਖਰਚ ਕੀਤੇ ਗਏ ਹਨ। ਪਾਣੀ ਦੀ ਸਪਲਾਈ ਲਈ 752 ਕਿਲੋਮੀਟਰ ਲੰਬੀ ਟਰਾਂਸਮਿਸ਼ਨ ਪਾਈਪਲਾਈਨ ਵਿਛਾਈ ਗਈ ਹੈ, ਜਦਕਿ ਪਿੰਡਾਂ ਵਿੱਚ 1216 ਕਿਲੋਮੀਟਰ ਪਾਈਪਲਾਈਨ ਅਪਗ੍ਰੇਡ ਕੀਤੀ ਗਈ ਹੈ।

ਰਾਹੁਲ ਗਾਂਧੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਝੋਟਾ ਦੇ ਪਿਤਾ ਦਾ ਵੱਡਾ ਬਿਆਨ

ਸਾਂਝੀ ਖ਼ਬਰ



(ਅਰਸ਼ਦੀਪ ਸਿੰਘ)
ਮਾਨਸਾ, 02 ਨਵੰਬਰ

ਪਰਵਿੰਦਰ ਸਿੰਘ ਝੋਟਾ ਕਤਲ ਮਾਮਲੇ ਦੇ 21ਵੇਂ ਦਿਨ ਪਰਵਿੰਦਰ ਸਿੰਘ ਝੋਟਾ ਅਤੇ 7ਵੇਂ ਦਿਨ ਪਿੰਡ ਭੰਮੇ ਕਲਾਂ ਦੇ ਦਲਜੀਤ ਸਿੰਘ ਦਾ ਅੰਤਿਮ ਸਸਕਾਰ ਨਹੀਂ ਹੋ ਸਕਿਆ। ਮਾਨਸਾ ਧਰਨਾ ਸੋਮਵਾਰ ਨੂੰ 21ਵੇਂ ਦਿਨ ਵੀ ਜਾਰੀ ਰਿਹਾ। ਇਸ ਦੌਰਾਨ ਪਰਵਿੰਦਰ ਝੋਟਾ ਦੇ ਪਿਤਾ ਭੀਮ ਸਿੰਘ ਫੌਜੀ ਨੇ 4 ਨਵੰਬਰ ਨੂੰ ਰਾਹੁਲ ਗਾਂਧੀ ਦੇ ਸੰਗਰੂਰ ਰੈਲੀ ਵਿਚ ਪਹੁੰਚਣ ਦੌਰਾਨ ਮਾਨਸਾ ਧਰਨੇ ਵਿਚ ਪੁੱਜਣ ਦੇ ਮਿਲੇ ਸੁਨੇਹੇ 'ਤੇ ਕਿਹਾ ਕਿ ਰਾਹੁਲ ਗਾਂਧੀ ਨਾਲ ਉਨ੍ਹਾਂ ਦਾ ਕੋਈ ਮਨ ਮੁਟਾਓ ਨਹੀਂ ਪਰ ਉਨ੍ਹਾਂ ਦੀ ਬੇਨਤੀ ਹੈ ਕਿ ਇੰਦਰਾ ਤੇ ਬੇਅੰਤ ਸਿੰਘ ਪਰਿਵਾਰ ਵਿਚੋਂ ਕੋਈ ਵੀ ਵਿਅਕਤੀ ਉਨ੍ਹਾਂ ਕੋਲ ਨਾ ਆਵੇ। ਉਹ ਪੰਥ ਨਾਲ ਜੁੜੇ ਹੋਏ ਹਨ ਨਹੀਂ ਤਾਂ ਪੰਥ ਉਨ੍ਹਾਂ ਨੂੰ ਸ਼ੇਕ ਦੇਵੇਗਾ।

ਜ਼ਿਕਰਯੋਗ ਹੈ ਕਿ ਪਰਵਿੰਦਰ ਸਿੰਘ ਝੋਟਾ ਲਈ ਇਨਸਾਫ਼ ਦੀ ਮੰਗ ਨੂੰ ਲੈ ਕੇ ਚੱਲ ਰਹੇ ਮੋਰਚੇ ਦੌਰਾਨ ਅੱਜ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇਰ ਸ਼ਾਮ ਉਨ੍ਹਾਂ ਦੇ ਘਰ ਪਹੁੰਚੇ। ਕੈਬਨਿਟ ਮੰਤਰੀਆਂ ਨਾਲ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਉਨ੍ਹਾਂ ਦੀ ਇਸ ਆਮਦ ਨੂੰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਗੱਲਬਾਤ ਕਰਦਿਆਂ ਉਨ੍ਹਾਂ ਸਿਰਫ ਇੰਨਾ ਹੀ ਕਿਹਾ ਕਿ ਉਹ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਆਏ ਹਨ। ਜ਼ਿਲਾ ਪ੍ਰਸ਼ਾਸ਼ਨ ਨੇ ਮੀਟਿੰਗ ਕਰਕੇ ਇਨਸਾਫ ਕਮੇਟੀ ਅਤੇ ਪਰਿਵਾਰਕ ਮੈਂਬਰਾਂ ਨਾਲ ਪੰਜਾਬ ਕੈਬਨਿਟ ਮੰਤਰੀਆਂ ਦੀ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ, ਜਿਸ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸੰਧਵਾਂ, ਸਿਹਤ ਮੰਤਰੀ ਤੇ ਖੇਤੀਬਾੜੀ ਮੰਤਰੀ ਆਉਣਗੇ।

ਉਧਰ ਅਦਾਲਤ ਵਿਚ ਪੇਸ਼ ਕਰਕੇ ਪੁਲਸ ਨੇ ਲੱਖਾ ਸਿਧਾਣਾ ਅਤੇ ਮੋਹਨਜੀਤ ਸ਼ੇਰੋਂ ਦਾ ਇਕ ਦਿਨ ਦਾ ਪੁਲਸ ਰਿਮਾਂਡ ਲਿਆ ਹੈ। ਦਲਜੀਤ ਸਿੰਘ ਦੀ ਲਾਸ਼ ਨੂੰ ਧਰਨੇ ਵਾਲੀ ਥਾਂ 'ਤੇ ਲਿਜਾਣ ਦੌਰਾਨ ਹੋਏ ਵਿਵਾਦ ਵਿਚ ਪੁਲਸ ਮੁਲਾਜਮਾਂ ਨੂੰ ਜਖਮੀ ਕਰਨ ਦੇ ਮਾਮਲੇ ਵਿਚ ਵਾਰਿਸ ਪੰਜਾਬ ਦੇ ਕਾਰਕੁੰਨ ਲੱਖਾ ਸਿਧਾਣਾ ਤੇ ਮੋਹਨਜੀਤ ਸ਼ੇਰੋਂ ਨੂੰ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੁਲਸ ਨੇ ਦੋਵਾਂ ਦਾ ਅਦਾਲਤ ਕੋਲੋਂ 10 ਦਿਨਾਂ ਦਾ ਰਿਮਾਂਡ ਮੰਗਿਆ ਸੀ।

ਪੁਲਸ ਨੇ ਦਲੀਲ ਦਿੱਤੀ ਸੀ ਕਿ ਲੱਖਾ ਸਿਧਾਣਾ ਦਾ ਮੋਬਾਇਲ ਫੋਨ ਬਰਾਮਦ ਕਰਵਾਉਣਾ ਹੈ। ਹਾਲਾਂਕਿ ਅਦਾਲਤ ਨੇ ਪੁਲਸ ਦੀ ਇਹ ਮੰਗ ਨਾ ਮਨਜ਼ੂਰ ਕਰ ਦਿੱਤੀ ਅਤੇ ਦੋਵਾਂ ਨੂੰ ਇਕ ਦਿਨ ਦੇ ਪੁਲਸ ਰਿਮਾਂਡ 'ਤੇ ਭੇਜਣ ਦੇ ਹੁਕਮ ਦਿੱਤੇ। ਲੱਖਾ ਸਿਧਾਣਾ ਦੇ ਵਕੀਲ ਵਲੋਂ ਅਦਾਲਤ ਵਿਚ ਅਰਜੀ ਦੇ ਕੇ ਉਸ ਦੀ ਸਿਹਤ ਠੀਕ ਨਾ ਹੋਣ ਦੀ ਅਪੀਲ ਕੀਤੀ ਗਈ, ਜਿਸ 'ਤੇ ਅਦਾਲਤ ਨੇ ਪੁਲਸ ਨੂੰ ਹਸਪਤਾਲ ਤੋਂ ਉਸ ਦੀ ਸਿਹਤ ਦੀ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਹਨ।

ਹੁਣ ਆਮ ਦੁਕਾਨਾਂ ''ਤੇ ਵੀ ਰਹੇਗੀ ਸਰਕਾਰ ਦੀ ਤਿੱਖੀ ਨਜ਼ਰ, GST ਵਿਭਾਗ ਸ਼ੁਰੂ ਕਰ ਰਿਹਾ ਨਵੀਂ ਵਿਵਸਥਾ

ਸਾਂਝੀ ਖ਼ਬਰ



(ਗਗਨਦੀਪ ਕੌਰ)
ਬਿਜ਼ਨੈੱਸ ਡੈਸਕ, 02 ਨਵੰਬਰ

ਵਸਤੂਆਂ ਅਤੇ ਸੇਵਾਵਾਂ ਟੈਕਸ (GST) ਦੇ ਦਾਇਰੇ ਨੂੰ ਵਧਾਉਣ ਅਤੇ ਟੈਕਸ ਚੋਰੀ ਨੂੰ ਰੋਕਣ ਲਈ, ਸਰਕਾਰ 1 ਅਪ੍ਰੈਲ, 2027 ਤੋਂ ਪ੍ਰਚੂਨ ਕਾਰੋਬਾਰਾਂ ਵਿੱਚ ਈ-ਇਨਵੌਇਸਿੰਗ ਦਾ ਇੱਕ ਪਾਇਲਟ ਪ੍ਰੋਜੈਕਟ ਸ਼ੁਰੂ ਕਰਨ ਦੀ ਤਿਆਰੀ ਕਰ ਰਹੀ ਹੈ। ਇਸ ਪਹਿਲਕਦਮੀ ਤਹਿਤ, ਚੋਣਵੇਂ ਵਪਾਰਕ ਖੇਤਰਾਂ ਵਿੱਚ ਦੁਕਾਨਦਾਰਾਂ ਅਤੇ ਕਾਰੋਬਾਰਾਂ ਨੂੰ ਆਮ ਗਾਹਕਾਂ ਨੂੰ ਜਾਰੀ ਕੀਤੇ ਗਏ ਬਿੱਲਾਂ ਦੇ ਇਲੈਕਟ੍ਰਾਨਿਕ ਰਿਕਾਰਡ ਰੱਖਣ ਦੀ ਲੋੜ ਹੋਵੇਗੀ । ਸਰਕਾਰੀ ਅਧਿਕਾਰੀਆਂ ਨੇ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਹੈ।

ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਪ੍ਰਚੂਨ ਲੈਣ-ਦੇਣ ਦੀ ਨਿਗਰਾਨੀ ਨੂੰ ਵਧਾਉਣਾ ਅਤੇ GST ਰਿਟਰਨਾਂ ਵਿੱਚ ਘੋਸ਼ਿਤ ਅੰਕੜਿਆਂ ਨਾਲ ਅਸਲ ਵਿਕਰੀ ਦਾ ਮੇਲ ਕਰਨਾ ਹੈ। ਵਰਤਮਾਨ ਵਿੱਚ ਕਾਰੋਬਾਰੀ ਆਪਣੀਆਂ ਰਿਟਰਨਾਂ ਵਿੱਚ ਕੁੱਲ ਵਿਕਰੀ ਦੀ ਰਿਪੋਰਟ ਕਰਦੇ ਹਨ ਅਤੇ ਹਰੇਕ ਪ੍ਰਚੂਨ ਲੈਣ-ਦੇਣ ਲਈ ਵੱਖਰੇ ਵੇਰਵੇ ਪ੍ਰਦਾਨ ਕਰਨਾ ਲਾਜ਼ਮੀ ਨਹੀਂ ਹੈ। ਇੱਕ ਵਾਰ ਲਾਗੂ ਹੋਣ ਤੋਂ ਬਾਅਦ, ਟੈਕਸ ਅਧਿਕਾਰੀ ਵਿਅਕਤੀਗਤ ਬਿੱਲਾਂ ਦੇ ਆਧਾਰ 'ਤੇ ਵਿਕਰੀ ਅਤੇ ਟੈਕਸ ਭੁਗਤਾਨਾਂ ਦੀ ਪੁਸ਼ਟੀ ਕਰਨ ਦੇ ਯੋਗ ਹੋਣਗੇ।

ਵਰਤਮਾਨ ਵਿੱਚ 5 ਕਰੋੜ ਰੁਪਏ ਤੋਂ ਵੱਧ ਦੇ ਸਾਲਾਨਾ ਟਰਨਓਵਰ ਵਾਲੇ ਕਾਰੋਬਾਰਾਂ ਨੂੰ ਸਰਕਾਰੀ ਪੋਰਟਲ 'ਤੇ ਦੂਜੇ ਕਾਰੋਬਾਰਾਂ (B2B) ਨੂੰ ਜਾਰੀ ਕੀਤੇ ਗਏ ਬਿੱਲਾਂ ਦੇ ਵੇਰਵੇ ਇਲੈਕਟ੍ਰਾਨਿਕ ਤੌਰ 'ਤੇ ਦਰਜ ਕਰਨ ਦੀ ਲੋੜ ਹੁੰਦੀ ਹੈ। ਹੁਣ ਇਸ ਪ੍ਰਣਾਲੀ ਨੂੰ ਕਾਰੋਬਾਰ-ਤੋਂ-ਖਪਤਕਾਰ (B2C) ਲੈਣ-ਦੇਣ ਤੱਕ ਵਧਾਉਣ ਦੀਆਂ ਯੋਜਨਾਵਾਂ ਹਨ।

ਸਤੰਬਰ 2024 ਵਿੱਚ 54ਵੀਂ GST ਕੌਂਸਲ ਦੀ ਮੀਟਿੰਗ ਨੇ ਚੋਣਵੇਂ ਖੇਤਰਾਂ ਅਤੇ ਰਾਜਾਂ ਵਿੱਚ ਪ੍ਰਚੂਨ ਈ-ਇਨਵੌਇਸਿੰਗ ਦੀ ਸਵੈ-ਇੱਛਤ ਟ੍ਰਾਇਲ ਦੀ ਸਿਫ਼ਾਰਸ਼ ਕੀਤੀ। ਸ਼ੁਰੂ ਵਿੱਚ, ਇਸਨੂੰ ਸਵੈ-ਇੱਛਤ ਕਰਨ ਦਾ ਪ੍ਰਸਤਾਵ ਹੈ ਅਤੇ ਬਾਅਦ ਵਿੱਚ ਟੈਕਸ ਚੋਰੀ ਦੇ ਖ਼ਤਰੇ ਵਾਲੇ ਖੇਤਰਾਂ ਵਿੱਚ ਲਾਜ਼ਮੀ ਬਣਾਇਆ ਗਿਆ ਹੈ। ਸੰਭਾਵੀ ਖੇਤਰਾਂ ਵਿੱਚ ਰੈਸਟੋਰੈਂਟਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ।

ਅਧਿਕਾਰੀਆਂ ਅਨੁਸਾਰ, ਰੋਜ਼ਾਨਾ ਹੋਣ ਵਾਲੇ ਲੱਖਾਂ ਛੋਟੇ-ਮੁੱਲ ਵਾਲੇ ਲੈਣ-ਦੇਣਾਂ ਦੇ ਡੇਟਾ ਨੂੰ ਸੰਭਾਲਣ ਲਈ ਤਕਨੀਕੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਸ ਸਬੰਧ ਵਿੱਚ, GST ਨੈੱਟਵਰਕ (GSTN) ਨੇ 2025 ਵਿੱਚ Infosys ਨੂੰ ਇੱਕ ਨਵਾਂ ਸੱਤ ਸਾਲਾਂ ਦਾ ਇਕਰਾਰਨਾਮਾ ਦਿੱਤਾ। ਇਸ ਨਾਲ ਡੇਟਾ ਇਕੱਠਾ ਕਰਨ ਅਤੇ ਪ੍ਰੋਸੈਸਿੰਗ ਸਮਰੱਥਾ ਵਿੱਚ ਵਾਧਾ ਹੋਣ ਦੀ ਉਮੀਦ ਹੈ।

ਨਵਾਂ ਸਿਸਟਮ ਗਾਹਕਾਂ ਨੂੰ ਆਪਣੇ ਮੋਬਾਈਲ ਫੋਨਾਂ 'ਤੇ ਡਿਜੀਟਲ ਬਿੱਲ ਪ੍ਰਾਪਤ ਕਰਨ ਦੀ ਆਗਿਆ ਦੇਵੇਗਾ। ਇਹ ਪਾਰਦਰਸ਼ਤਾ ਵਧਾਉਣ, ਧੋਖਾਧੜੀ ਵਾਲੇ ਇਨਵੌਇਸਾਂ ਨੂੰ ਰੋਕਣ ਅਤੇ ਪਾਲਣਾ ਲਾਗਤਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਵਿਦੇਸ਼ੀ ਸੈਲਾਨੀਆਂ ਨੂੰ ਭਾਰਤ ਵਿੱਚ ਖਰੀਦਦਾਰੀ 'ਤੇ ਅਦਾ ਕੀਤੇ GST ਲਈ ਰਿਫੰਡ ਪ੍ਰਾਪਤ ਕਰਨਾ ਵੀ ਆਸਾਨ ਹੋ ਸਕਦਾ ਹੈ।

'ਆਪ' ਵਿਧਾਇਕਾਂ ਦੀ ਤਿੱਕੜੀ ਨੇ ਫੜਿਆ ਭਾਜਪਾ ਦਾ ਪੱਲਾ

ਸਾਂਝੀ ਖ਼ਬਰ



(ਸੰਦੀਪ ਸਿੰਘ)
ਚੰਡੀਗੜ੍ਹ, 02 ਨਵੰਬਰ

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਤਿੰਨ ਵਿਧਾਇਕਾਂ ਨੇ ਅੱਜ ਭਾਜਪਾ ਦਾ ਪੱਲਾ ਫੜ ਲਿਆ ਹੈ। ਸਮਾਣਾ ਤੋਂ 'ਆਪ' ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੇ ਲੰਘੇ ਕੱਲ੍ਹ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਦੂਸਰੇ ਗੇੜ 'ਚ ਅੱਜ ਅੰਮ੍ਰਿਤਸਰ ਉੱਤਰੀ ਤੋਂ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਪਾਰਟੀ ਛੱਡਣ ਤੋਂ ਇਲਾਵਾ ਵਿਧਾਇਕੀ ਤੋਂ ਵੀ ਅਸਤੀਫ਼ਾ ਦੇ ਦਿੱਤਾ ਸੀ।

'ਆਪ' ਵਿਧਾਇਕਾਂ ਦੀ ਇਸ ਤਿੱਕੜੀ ਨੇ ਦਿੱਲੀ ਵਿਖੇ ਭਾਜਪਾ ਦਫ਼ਤਰ 'ਚ ਭਾਜਪਾ 'ਚ ਸ਼ਮੂਲੀਅਤ ਕਰ ਲਈ ਹੈ। ਭਾਜਪਾ ਦੇ ਪੰਜਾਬ ਇੰਚਾਰਜ ਸਤੀਸ਼ ਪੂਨੀਆ ਅਤੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਇਸ ਸ਼ਮੂਲੀਅਤ ਮੌਕੇ ਇਨ੍ਹਾਂ ਤਿੰਨੋਂ ਵਿਧਾਇਕਾਂ ਨੂੰ ਪਾਰਟੀ 'ਚ ਜੀ ਆਇਆ ਨੂੰ ਆਖਿਆ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਧਾਇਕ ਹਰਮੀਤ ਸਿੰਘ ਪਠਾਨ-ਮਾਜਰਾ ਨੇ ਅੱਜ ਭਗਵੇਂ ਰੰਗ ਦੀਆਂ ਪੱਗਾਂ ਬੰਨੀਆਂ ਹੋਈਆਂ ਸਨ। ਪਹਿਲਾਂ ਇਨ੍ਹਾਂ ਪੱਗਾਂ ਦਾ ਰੰਗ ਬਸੰਤੀ ਹੁੰਦਾ ਸੀ।

ਸੂਤਰਾਂ ਦੀ ਮੰਨੀਏ ਤਾਂ ਦੋਵੇਂ ਵਿਧਾਇਕ ਬਿਨਾਂ ਕਿਸੇ ਸਿਆਸੀ ਸ਼ਰਤ ਦੇ ਭਾਜਪਾ 'ਚ ਸ਼ਮੂਲੀਅਤ ਕਰ ਰਹੇ ਹਨ। ਭਾਜਪਾ ਨੇ ਵੀ ਦੋਵਾਂ ਨੂੰ ਬਿਨਾਂ ਟਿਕਟ ਦੀ ਸ਼ਰਤ ਤੋਂ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ ਨੇ ਪੰਜਾਬ ਭਾਜਪਾ ਨੂੰ ਹਦਾਇਤ ਦਿੱਤੀ ਹੈ ਕਿ ਉਨ੍ਹਾਂ ਵਿਧਾਇਕਾਂ ਨੂੰ ਹੀ ਪਾਰਟੀ 'ਚ ਲਿਆ ਜਾਵੇ ਜਿਨ੍ਹਾਂ ਦੀ ਜਨਤਕ ਦਿੱਖ ਦਾਗ਼ਦਾਰ ਨਾ ਹੋਵੇ।ਹਲਕਾ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਨ-ਮਾਜਰਾ ਦੀ ਮੁੱਖ ਮੰਤਰੀ ਭਗਵੰਤ ਮਾਨ ਦੇ ਪਰਿਵਾਰ ਨਾਲ ਕਾਫ਼ੀ ਨੇੜਤਾ ਸੀ। ਉਹ ਸਿਆਸੀ ਹਲਕਿਆਂ 'ਚ 'ਫੁੱਫੜ' ਵਜੋਂ ਮਸ਼ਹੂਰ ਹਨ। ਵਿਧਾਇਕ ਪਠਾਨ-ਮਾਜਰਾ ਨੇ ਹਲਕਾ ਸਨੌਰ ਤੋਂ 2022 ਵਿੱਚ 'ਆਪ' ਉਮੀਦਵਾਰ ਵਜੋਂ 49,122 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ। ਪੰਜਾਬ ਪੁਲੀਸ ਨੇ ਸਤੰਬਰ 2025 'ਚ ਸਾਬਕਾ ਪਤਨੀ ਦੀ ਸ਼ਿਕਾਇਤ 'ਤੇ ਪਠਾਨਮਾਜਰਾ ਖ਼ਿਲਾਫ਼ ਜਬਰ-ਜ਼ਿਨਾਹ ਦਾ ਕੇਸ ਦਰਜ ਕੀਤਾ ਸੀ। ਪੁਲੀਸ ਨੇ ਮਾਰਚ ਵਿੱਚ ਉਨ੍ਹਾਂ ਨੂੰ ਗਵਾਲੀਅਰ ਨੇੜਿਓਂ ਗ੍ਰਿਫ਼ਤਾਰ ਕੀਤਾ ਸੀ। ਮਗਰੋਂ ਉਨ੍ਹਾਂ ਨੂੰ ਹਾਈ ਕੋਰਟ 'ਚੋਂ ਜ਼ਮਾਨਤ ਮਿਲ ਗਈ ਸੀ। ਪਠਾਨਮਾਜਰਾ ਖ਼ਿਲਾਫ਼ ਪਟਿਆਲਾ ਜ਼ਿਲ੍ਹੇ 'ਚ ਗ਼ੈਰ-ਕਾਨੂੰਨੀ ਖਣਨ ਦਾ ਵੀ ਕੇਸ ਦਰਜ ਹੈ।

ਉੱਧਰ, ਹਲਕਾ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੀ ਉਦੋਂ ਤੋਂ ਪਾਰਟੀ ਨਾਲ ਨਾਰਾਜ਼ ਹਨ, ਜਦੋਂ ਤੋਂ ਪਾਰਟੀ ਨੇ ਸਮਾਣਾ ਦੀ ਹਲਕਾ ਇੰਚਾਰਜੀ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੂੰ ਸੌਂਪੀ ਹੈ। ਜੌੜਾਮਾਜਰਾ 'ਆਪ' ਸਰਕਾਰ 'ਚ ਕੈਬਨਿਟ ਮੰਤਰੀ ਵੀ ਰਹੇ ਤੇ ਉਨ੍ਹਾਂ ਕੋਲ ਸਿਹਤ, ਬਾਗ਼ਬਾਨੀ, ਸੂਚਨਾ ਤੇ ਲੋਕ ਸੰਪਰਕ ਮਹਿਕਮੇ ਦੀ ਅਗਵਾਈ ਵੀ ਰਹੀ।

ਉਨ੍ਹਾਂ ਨੇ ਸਾਲ 2022 'ਚ ਹਲਕਾ ਸਮਾਣਾ ਤੋਂ ਅਕਾਲੀ ਉਮੀਦਵਾਰ ਸੁਰਜੀਤ ਸਿੰਘ ਰੱਖੜਾ ਨੂੰ 39,713 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤੀ ਸੀ। ਜੌੜਾਮਾਜਰਾ ਸਿਹਤ ਮੰਤਰੀ ਹੁੰਦਿਆਂ ਵਿਵਾਦਾਂ 'ਚ ਘਿਰ ਗਏ ਸਨ ਜਦੋਂ ਉਨ੍ਹਾਂ ਨੇ ਫ਼ਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਗੱਦਿਆਂ ਦੇ ਨਿਰੀਖਣ ਸਮੇਂ ਵਾਈਸ ਚਾਂਸਲਰ ਡਾ. ਰਾਜ ਬਹਾਦਰ ਨੂੰ ਗੰਦੇ ਗੱਦੇ 'ਤੇ ਲੇਟਣ ਲਈ ਆਖਿਆ ਸੀ।

ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੰਜਾਬ ਵਿਧਾਨ ਸਭਾ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਆਪਣਾ ਅਸਤੀਫ਼ਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਭੇਜਿਆ । ਇਸ ਤੋਂ ਕੁੱਝ ਸਮਾਂ ਬਾਅਦ ਉਨ੍ਹਾਂ ਆਮ ਆਦਮੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਹੈ। ਦੱਸਣ ਯੋਗ ਹੈ ਕਿ ਆਮ ਆਦਮੀ ਪਾਰਟੀ ਵੱਲੋਂ ਉਹਨਾਂ ਨੂੰ ਪਹਿਲਾਂ ਹੀ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਵਿੱਚੋਂ ਬਾਹਰ ਕੀਤਾ ਹੋਇਆ ਹੈ।

ਬੀਤੇ ਸਾਲ ਜੂਨ ਵਿੱਚ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਪੰਜ ਸਾਲਾਂ ਲਈ ਪਾਰਟੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਇਹ ਮੁਅੱਤਲੀ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਆਗੂ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ, ਵਿਰੁੱਧ ਪੰਜਾਬ ਵਿਜੀਲੈਂਸ ਬਿਊਰੋ ਦੀ ਕਾਰਵਾਈ 'ਤੇ ਸਵਾਲ ਚੁੱਕਣ ਤੋਂ ਬਾਅਦ ਹੋਈ ਸੀ। ਕੁੰਵਰ ਵਿਜੇ ਪ੍ਰਤਾਪ ਸਿੰਘ ਕਈ ਮੁੱਦਿਆਂ 'ਤੇ 'ਆਪ' ਸਰਕਾਰ ਦੇ ਤਿੱਖੇ ਆਲੋਚਕ ਰਹੇ।

ਉਨ੍ਹਾਂ ਨੇ ਇਸ ਤੋਂ ਪਹਿਲਾਂ ਫ਼ਰੀਦਕੋਟ ਵਿੱਚ 2015 ਦੇ ਬੇਅਦਬੀ ਅਤੇ ਪੁਲੀਸ ਗੋਲ਼ੀਬਾਰੀ ਦੀਆਂ ਘਟਨਾਵਾਂ ਦੇ ਮਾਮਲਿਆਂ ਨਾਲ ਨਜਿੱਠਣ 'ਤੇ ਨਾਰਾਜ਼ਗੀ ਜ਼ਾਹਰ ਕੀਤੀ ਸੀ ਅਤੇ ਇਸ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕੀਤੀ ਸੀ।ਉਹ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਦਾ ਹਿੱਸਾ ਸਨ, ਜਿਸ ਨੇ 2015 ਦੇ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਕੀਤੀ ਸੀ। ਵਿਧਾਨ ਸਭਾ 'ਚ ਉਨ੍ਹਾਂ 2015 ਦੇ ਬੇਅਦਬੀ ਦਾ ਮੁੱਦਾ ਕਈ ਵਾਰ ਚੁੱਕਿਆ। ਸਾਲ 2021 ਵਿੱਚ ਪੁਲੀਸ ਸੇਵਾ ਤੋਂ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈਣ ਤੋਂ ਬਾਅਦ, ਸਿੰਘ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਅਤੇ ਬਾਅਦ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅੰਮ੍ਰਿਤਸਰ ਉੱਤਰੀ ਸੀਟ ਤੋਂ ਵਿਧਾਇਕ ਚੁਣੇ ਗਏ ਸਨ।

BKU ਕਾਦੀਆਂ ਵੱਲੋਂ 2027 ਦੀਆਂ ਚੋਣਾਂ ''ਚ ਅਕਾਲੀ ਦਲ ਨੂੰ ਸਮਰਥਨ ਦੇਣ ਦਾ ਐਲਾਨ

ਸਾਂਝੀ ਖ਼ਬਰ



(ਸੰਦੀਪ ਸਿੰਘ)
ਚੰਡੀਗੜ੍ਹ, 02 ਨਵੰਬਰ

ਭਾਰਤੀ ਕਿਸਾਨ ਯੂਨੀਅਨ ਕਾਦੀਆਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਉਹ ਕਿਸਾਨਾਂ ਦੀਆਂ ਸਮੁੱਚੀਆਂ ਮੁਸ਼ਕਿਲਾਂ ਦਾ ਹੱਲ ਕਰਨਗੇ। ਦੂਜੇ ਪਾਸੇ ਬੀ. ਕੇ. ਯੂ. ਕਾਦੀਆਂ ਜਥੇਬੰਦੀ ਦੇ ਆਗੂ ਹਰਮੀਤ ਕਾਦੀਆਂ ਨੇ ਕਿਹਾ ਕਿ ਹੁਣ ਤੱਕ ਕੋਈ ਵੀ ਸਰਕਾਰ ਕਿਸਾਨਾਂ ਦੀਆਂ ਮੰਗਾਂ 'ਤੇ ਖਰੀ ਨਹੀਂ ਉਤਰੀ, ਜਿਸ ਕਾਰਨ ਉਨ੍ਹਾਂ ਨੂੰ ਅੱਜ ਮਜਬੂਰ ਹੋ ਕੇ ਇਹ ਫ਼ੈਸਲਾ ਲੈਣਾ ਪਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਕ ਖੇਤਰੀ ਪਾਰਟੀ ਹੀ ਕਿਸਾਨਾਂ ਦੇ ਮਸਲਿਆਂ ਨੂੰ ਸਮਝਦੀ ਹੈ, ਇਸੇ ਲਈ ਉਨ੍ਹਾਂ ਅਕਾਲੀ ਦਲ ਨੂੰ ਸਮਰਥਨ ਦੇਣ ਦਾ ਫ਼ੈਸਲਾ ਕੀਤਾ ਹੈ।

ਚੰਡੀਗੜ੍ਹ 'ਚ ਪ੍ਰੈੱਸ ਕਾਨਫ਼ਰੰਸ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖਾ ਸਿਆਸੀ ਹਮਲਾ ਕਰਦਿਆਂ ਦਾਅਵਾ ਕੀਤਾ ਹੈ ਕਿ ਸੂਬੇ ਦੇ ਲੋਕ ਹੀ ਨਹੀਂ ਸਗੋਂ 'ਆਪ' ਦੇ ਵਿਧਾਇਕ ਵੀ ਆਪਣੀ ਸਰਕਾਰ ਤੋਂ ਬੇਹੱਦ ਦੁਖ਼ੀ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਵਿਧਾਇਕਾਂ ਨੂੰ ਪਰਚੇ ਦਰਜ ਕਰਨ ਅਤੇ ਹੋਰ ਕਾਰਵਾਈਆਂ ਦਾ ਡਰ ਵਿਖਾ ਕੇ ਚੁੱਪ ਕਰਵਾਇਆ ਜਾਂਦਾ ਰਿਹਾ ਹੈ। ਉਥੇ ਹੀ ਇਸ ਦੌਰਾਨ ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਜਿਵੇਂ-ਜਿਵੇਂ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣਗੀਆਂ, ਆਮ ਆਦਮੀ ਪਾਰਟੀ ਦਾ ਸਿਆਸੀ ਆਧਾਰ ਹੋਰ ਕਮਜ਼ੋਰ ਹੁੰਦਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣ ਨਤੀਜਿਆਂ ਤੋਂ ਬਾਅਦ 'ਆਪ' ਦੇ ਸਿਰਫ਼ ਦੋ-ਚਾਰ ਕਿਸਮਤ ਵਾਲੇ ਵਿਧਾਇਕ ਹੀ ਜਿੱਤ ਸਕਣਗੇ। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਆਪਣੇ ਵਿਧਾਨ ਸਭਾ ਹਲਕੇ ਧੂਰੀ ਤੋਂ ਬੁਰੀ ਤਰ੍ਹਾਂ ਚੋਣ ਹਾਰਨਗੇ।

ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ 'ਚ ਮੌਜੂਦਾ ਸਰਕਾਰ ਪ੍ਰਤੀ ਨਾਰਾਜ਼ਗੀ ਲਗਾਤਾਰ ਵਧ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਲੋਕਾਂ ਨਾਲ ਧੋਖਾ ਕੀਤਾ ਹੈ ਅਤੇ ਸੂਬੇ ਨੂੰ ਲੁੱਟਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਸਰਕਾਰ ਦੇ ਕੰਮਕਾਜ ਅਤੇ ਵਿੱਤੀ ਮਾਮਲਿਆਂ ਦੀ ਜਾਂਚ ਕਰਵਾਈ ਜਾਵੇਗੀ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਜੇਕਰ ਅਕਾਲੀ ਦਲ ਦੀ ਸਰਕਾਰ ਬਣਦੀ ਹੈ ਤਾਂ ਪਹਿਲੇ ਦਿਨ ਤੋਂ ਹੀ ਜਾਂਚ ਸ਼ੁਰੂ ਕਰਵਾਈ ਜਾਵੇਗੀ ਅਤੇ ਜਿਨ੍ਹਾਂ ਲੋਕਾਂ ਨੇ ਸਰਕਾਰੀ ਪੈਸੇ ਦੀ ਦੁਰਵਰਤੋਂ ਜਾਂ ਲੁੱਟ ਕੀਤੀ ਹੈ, ਉਨ੍ਹਾਂ ਤੋਂ ਪੈਸਾ ਵਾਪਸ ਲੈ ਕੇ ਜਨਤਾ ਦੇ ਖ਼ਜ਼ਾਨੇ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਥਿਤ ਲੁੱਟ ਵਿੱਚ ਸ਼ਾਮਲ ਸਾਰੇ ਹਿੱਸੇਦਾਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੀ ਸਿਆਸਤ 'ਚ ਹੋਰ ਬਦਲਾਅ ਵੇਖਣ ਨੂੰ ਮਿਲਣਗੇ ਅਤੇ ਚੋਣਾਂ ਦੌਰਾਨ ਲੋਕ ਆਮ ਆਦਮੀ ਪਾਰਟੀ ਨੂੰ ਉਸ ਦੀ ਕਾਰਗੁਜ਼ਾਰੀ ਦਾ ਜਵਾਬ ਦੇਣਗੇ।

ਬੀ. ਕੇ. ਯੂ. ਕਾਦੀਆਂ ਦਾ ਸਮਰਥਨ ਮਿਲਣ 'ਤੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਦੀਆਂ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ, ਜਿਨ੍ਹਾਂ ਨੇ ਆਗਾਮੀ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਬਿਨ੍ਹਾਂ ਸ਼ਰਤ ਸਮਰਥਨ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ 'ਚ ਉਨ੍ਹਾਂ ਦੇ ਅਟੁੱਟ ਵਿਸ਼ਵਾਸ ਨੇ ਪਾਰਟੀ ਨੂੰ ਵੱਡਾ ਹੁਲਾਰਾ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਇਕੋ-ਇਕ ਖੇਤਰੀ ਪਾਰਟੀ ਹੈ, ਜੋ ਹਮੇਸ਼ਾ ਪੰਜਾਬ ਦੇ ਕਿਸਾਨ ਭਾਈਚਾਰੇ ਦੇ ਨਾਲ ਖੜ੍ਹੀ ਰਹੀ ਹੈ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਦ੍ਰਿੜਤਾ ਨਾਲ ਵਚਨਬੱਧ ਹੈ। ਮੈਂ ਸਾਰੀਆਂ ਕਿਸਾਨ ਅਤੇ ਮਜ਼ਦੂਰ ਯੂਨੀਅਨਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣ। ਸ਼੍ਰੋਮਣੀ ਅਕਾਲੀ ਦਲ ਇੱਕ ਮਾਤਰ ਕਿਸਾਨ- ਪੱਖੀ ਜਥੇਬੰਦੀ ਹੈ ਜੋ ਕਿਸਾਨਾਂ ਦੀ ਹਰੇਕ ਲੋੜ ਨੂੰ ਸਮਝਦੇ ਹੋਏ ਖੇਤੀਬਾੜੀ ਨੂੰ ਇੱਕ ਲਾਭਦਾਇਕ ਕਿੱਤਾ ਬਣਾਉਣ ਲਈ ਸਰਕਾਰ ਵਿੱਚ ਕਿਸਾਨ-ਪੱਖੀ ਨੀਤੀਆਂ ਲੈ ਕੇ ਆਏਗੀ। ਅਸੀਂ ਆਪਣੇ ਕਿਸਾਨ ਭਰਾਵਾਂ ਅਤੇ ਖੇਤ ਮਜ਼ਦੂਰਾਂ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮੁੱਦਿਆਂ ਨੂੰ ਹੱਲ ਕਰਨ ਲਈ ਦਿਲੋਂ ਵਚਨਬੱਧ ਹਾਂ।

CP67 ਮਾਲ ਵਿਖੇ ਉਰਵਸ਼ੀ ਖੰਨਾ ਅਤੇ ਟੀਨਾ ਆਹੂਜਾ ਵੱਲੋਂ ਵਿਲੱਖਣ ਖੇਤਰੀ ਪੌਡਕਾਸਟ ਸੀਰੀਜ਼ ਦੀ ਸ਼ੁਰੂਆਤ

ਪੀ ਐਸ ਮਿੱਠਾ
ਮੋਹਾਲੀ: 2 ਨਵੰਬਰ

CP67 ਮਾਲ ਵਿਖੇ ਨਿਰਮਾਤਾ ਉਰਵਸ਼ੀ ਖੰਨਾ ਅਤੇ ਟੀਨਾ ਆਹੂਜਾ ਵੱਲੋਂ ਤਿਆਰ ਕੀਤੀ ਗਈ ਇੱਕ ਵਿਲੱਖਣ ਖੇਤਰੀ ਪੌਡਕਾਸਟ ਸੀਰੀਜ਼ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਗਈ। ਇਹ ਪੌਡਕਾਸਟ ਸਫ਼ਲਤਾ, ਸੰਘਰਸ਼, ਦ੍ਰਿੜ੍ਹ ਇਰਾਦੇ ਅਤੇ ਮਹੱਤਵਾਕਾਂਖਾ ਦੀਆਂ ਪ੍ਰੇਰਨਾ-ਦਾਇਕ ਕਹਾਣੀਆਂ ਨੂੰ ਲੋਕਾਂ ਸਾਹਮਣੇ ਲਿਆਉਣ ਦਾ ਇੱਕ ਵਿਸ਼ੇਸ਼ ਉਪਰਾਲਾ ਹੈ। ਪੰਜਾਬ ਦੀ ਸੱਭਿਆਚਾਰਕ ਵਿਰਾਸਤ ਅਤੇ ਇੱਥੋਂ ਦੀ ਮਿੱਟੀ ਦੀ ਰੂਹ ਨਾਲ ਜੁੜੀ ਇਹ ਸੀਰੀਜ਼ ਵੱਖ-ਵੱਖ ਖੇਤਰਾਂ ਨਾਲ ਸਬੰਧਤ ਸ਼ਖ਼ਸੀਅਤਾਂ ਦੇ ਨਿੱਜੀ ਅਤੇ ਪੇਸ਼ੇਵਰ ਜੀਵਨ ਦੇ ਸਫ਼ਰ ਨੂੰ ਦਰਸ਼ਕਾਂ ਤੱਕ ਪਹੁੰਚਾਏਗੀ।



ਰਵਾਇਤੀ ਸੈਲੀਬ੍ਰਿਟੀ ਇੰਟਰ-ਵਿਊਜ਼ ਤੋਂ ਵੱਖਰੀ ਇਸ ਪੌਡਕਾਸਟ ਸੀਰੀਜ਼ ਵਿੱਚ ਉਮੰਗ ਜਿੰਦਲ, ਅੰਮ੍ਰਿਤ ਮਾਨ, ਬੱਬੂ ਮਾਨ, ਕਰਮਜੀਤ ਅਨਮੋਲ, ਮਾਸਟਰ ਸਲੀਮ, ਅਨਮੋਲ ਕਟਵਾਰ ਅਤੇ ਪੂਜਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਇਸ ਤੋਂ ਇਲਾਵਾ ਉੱਦਮੀਆਂ, ਕਾਰੋਬਾਰੀ ਆਗੂਆਂ ਅਤੇ ਵੱਖ-ਵੱਖ ਖੇਤਰਾਂ ਵਿੱਚ ਆਪਣੀ ਪਛਾਣ ਬਣਾਉਣ ਵਾਲੇ ਅਜਿਹੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਜਾਵੇਗੀ, ਜਿਨ੍ਹਾਂ ਦੇ ਜੀਵਨ ਦੇ ਤਜਰਬੇ, ਸੰਘਰਸ਼ ਅਤੇ ਸਫ਼ਲਤਾ ਦੀਆਂ ਕਹਾਣੀਆਂ ਦੂਜਿਆਂ ਲਈ ਪ੍ਰੇਰਨਾ ਦਾ ਸਰੋਤ ਬਣ ਸਕਦੀਆਂ ਹਨ।

ਇਸ ਪੌਡਕਾਸਟ ਸੀਰੀਜ਼ ਨੂੰ ਪੰਜ ਖੇਤਰੀ ਸੀਜ਼ਨਾਂ ਵਿੱਚ ਪੇਸ਼ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਪੰਜਾਬ, ਬੰਬਈ, ਦੁਬਈ, ਕੈਨੇਡਾ ਅਤੇ ਲੰਡਨ ਸ਼ਾਮਲ ਹੋਣਗੇ। ਹਰੇਕ ਸੀਜ਼ਨ ਵਿੱਚ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਦੇ ਅਸਲ ਤਜਰਬਿਆਂ ਨੂੰ ਪੇਸ਼ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਜੀਵਨ ਵਿੱਚ ਆਈਆਂ ਚੁਣੌਤੀਆਂ, ਅਹਿਮ ਪ੍ਰਾਪਤੀਆਂ ਅਤੇ ਸਫ਼ਲਤਾ ਦੇ ਸਫ਼ਰ ਦੇ ਨਿਰਣਾਇਕ ਪਲਾਂ ਨੂੰ ਉਜਾਗਰ ਕੀਤਾ ਜਾਵੇਗਾ। ਪੰਜਾਬ ਅਤੇ ਇੱਥੋਂ ਦੀ ਸੱਭਿਆਚਾਰਕ ਵਿਰਾਸਤ ਨਾਲ ਆਪਣੇ ਗੂੜ੍ਹੇ ਸਬੰਧਾਂ ਕਾਰਨ ਟੀਨਾ ਆਹੂਜਾ ਨੂੰ ਇਸ ਸੰਕਲਪ ਲਈ ਇੱਕ ਢੁੱਕਵੀਂ ਸ਼ਖ਼ਸੀਅਤ ਵਜੋਂ ਚੁਣਿਆ ਗਿਆ ਹੈ।

ਇਸ ਮੌਕੇ ਹੋਮਲੈਂਡ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਮ੍ਰਿਣਾਲ ਮਿੱਤਲ ਨੇ ਕਿਹਾ, "ਕਹਾਣੀਆਂ ਵਿੱਚ ਲੋਕਾਂ ਨੂੰ ਪ੍ਰੇਰਿਤ ਕਰਨ, ਪ੍ਰਭਾਵਿਤ ਕਰਨ ਅਤੇ ਵੱਖ-ਵੱਖ ਪੀੜ੍ਹੀਆਂ ਤੇ ਭੂਗੋਲਿਕ ਖੇਤਰਾਂ ਦੇ ਲੋਕਾਂ ਨੂੰ ਆਪਸ ਵਿੱਚ ਜੋੜਨ ਦੀ ਅਦਭੁੱਤ ਤਾਕਤ ਹੁੰਦੀ ਹੈ। CP67 ਵਿਖੇ ਅਸੀਂ ਅਜਿਹੇ ਮੰਚ ਦੀ ਸਿਰਜਣਾ ਲਈ ਵਚਨਬੱਧ ਹਾਂ, ਜਿੱਥੇ ਸੱਭਿਆਚਾਰ, ਰਚਨਾਤਮ-ਕਤਾ ਅਤੇ ਅਰਥਪੂਰਨ ਤਜਰਬਿਆਂ ਦਾ ਸੁਮੇਲ ਹੋਵੇ। ਇਸ ਪੌਡਕਾਸਟ ਦੀ ਸ਼ੁਰੂਆਤ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਵਾਲੀ ਗੱਲ ਹੈ। ਇਸ ਰਾਹੀਂ ਸਾਨੂੰ ਪ੍ਰੇਰਨਾਦਾਇਕ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੇ ਵੱਖ-ਵੱਖ ਜੀਵਨ ਸਫ਼ਰਾਂ ਨੂੰ ਲੋਕਾਂ ਸਾਹਮਣੇ ਲਿਆਉਣ ਦੇ ਨਾਲ-ਨਾਲ ਪੰਜਾਬ ਦੀ ਉੱਦਮੀ ਸੋਚ, ਪ੍ਰਤਿਭਾ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਣ ਦਾ ਮੌਕਾ ਮਿਲਿਆ ਹੈ। ਅਸੀਂ ਅਜਿਹੇ ਮੰਚ ਨਾਲ ਜੁੜ ਕੇ ਬੇਹੱਦ ਖੁਸ਼ ਹਾਂ, ਜੋ ਸੱਚੀਆਂ ਅਤੇ ਸਾਰਥਕ ਗੱਲਬਾਤਾਂ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਪ੍ਰੇਰਨਾਦਾਇਕ ਕਹਾਣੀਆਂ ਨੂੰ ਬਣਦਾ ਮਾਣ-ਸਤਿ-ਕਾਰ ਦਿਵਾਉਂਦਾ ਹੈ।"

ਇਸ ਮੌਕੇ ਪੌਡਕਾਸਟ ਦੇ ਸੰਕਲਪ ਅਤੇ ਉਦੇਸ਼ ਨੂੰ ਦਰਸ਼ਕਾਂ ਤੱਕ ਪਹੁੰਚਾਉਣ ਲਈ ਇੱਕ ਵਿਸ਼ੇਸ਼ ਟ੍ਰੇਲਰ ਵੀ ਰਿਲੀਜ਼ ਕੀਤਾ ਗਿਆ। ਇਸ ਪਹਿਲਕਦਮੀ ਰਾਹੀਂ CP67 ਮਾਲ ਟ੍ਰਾਈਸਿਟੀ ਵਿੱਚ ਮਨੋਰੰਜਨ, ਸੱਭਿਆਚਾਰਕ ਗਤੀਵਿਧੀਆਂ ਅਤੇ ਵਿਲੱਖਣ ਤਜਰਬਿਆਂ ਦੇ ਇੱਕ ਪ੍ਰਮੁੱਖ ਕੇਂਦਰ ਵਜੋਂ ਆਪਣੀ ਪਛਾਣ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ।

ਚੀਨ ਤਿੱਬਤੀ ਸੱਭਿਆਚਾਰ ਨੂੰ ਖਤਮ ਕਰਨ ਅਤੇ ਤਿੱਬਤੀ ਬੱਚਿਆਂ ਨੂੰ ਚੀਨੀ ਸੱਭਿਆਚਾਰ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ

ਤਿੱਬਤੀ ਸੰਗਠਨਾਂ ਨੇ ਅੰਤਰਰਾ-ਸ਼ਟਰੀ ਦਬਾਅ ਬਣਾਉਣ ਲਈ ਧਰਮਸ਼ਾਲਾ ਤੋਂ ਕੁਰੂਕਸ਼ੇਤਰ ਤੱਕ ਸ਼ੁਰੂ ਕੀਤੀ ਪਦ ਯਾਤਰਾ

PS Mittha
ਜ਼ੀਰਕਪੁਰ, 02 ਨਵੰਬਰ --

ਪੰਜ ਤਿੱਬਤੀ ਗੈਰ-ਸਰਕਾਰੀ ਸੰਗਠਨਾਂ - ਤਿੱਬਤੀ ਮਹਿਲਾ ਐਸੋਸੀਏਸ਼ਨ, ਅੰਤਰਰਾਸ਼ਟਰੀ ਮੱਧ ਮਾਰਗ ਅੰਦੋਲਨ, ਉਤਸਾਂਗ ਚੋਲਕਾ, ਧੋਮੀ ਚੋਲਕਾ ਅਤੇ ਧੋਤੋ ਚੋਲਕਾ - ਨੇ ਕਿਹਾ ਕਿ ਚੀਨ ਛੇ ਦਹਾਕਿਆਂ ਤੋਂ ਤਿੱਬਤੀ ਭਾਈਚਾਰੇ 'ਤੇ ਜ਼ੁਲਮ ਕਰ ਰਿਹਾ ਹੈ। ਅੱਜ ਇੱਥੇ ਹੋਟਲ ਵਿਹਾਨ ਰੈਜ਼ੀਡੈਂਸੀ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ, ਤਿੱਬਤੀ ਪ੍ਰਤੀਨਿਧੀ ਦਾਵਾ ਸੇਰਿੰਗ, ਸੇਰਿੰਗ ਡੋਲਮਾ, ਸ਼ਯਾਨ ਅਤੇ ਤੇਨਜ਼ਿਨ ਚੋਫੇਲ ਨੇ ਦੱਸਿਆ ਕਿ ਅਖੌਤੀ "ਨਸਲੀ ਏਕਤਾ ਅਤੇ ਤਰੱਕੀ" ਕਾਨੂੰਨ ਨੂੰ ਲਾਗੂ ਕਰਕੇ, ਚੀਨ ਤਿੱਬਤੀ ਭਾਈਚਾਰੇ ਦੀ ਭਾਸ਼ਾ, ਸੱਭਿਆਚਾਰ, ਧਰਮ, ਪਰੰਪਰਾਵਾਂ ਅਤੇ ਮੌਲਿਕ ਅਧਿਕਾਰਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਕਾਨੂੰਨ ਦੇ ਤਹਿਤ, ਲਗਭਗ 10 ਲੱਖ ਤਿੱਬਤੀ ਬੱਚਿਆਂ ਨੂੰ ਬੋਰਡਿੰਗ ਸਕੂਲਾਂ ਵਿੱਚ ਰੱਖਿਆ ਗਿਆ ਹੈ - ਜਿਸਦਾ ਉਦੇਸ਼ ਤਿੱਬਤੀ ਸੱਭਿਆਚਾਰ ਨੂੰ ਮਿਟਾਉਣਾ ਅਤੇ ਇਹਨਾਂ ਬੱਚਿਆਂ ਨੂੰ ਚੀਨੀ ਸੱਭਿਆਚਾਰ ਵਿੱਚ ਸ਼ਾਮਲ ਕਰਨਾ ਹੈ। ਇਸ ਨਵੇਂ ਕਾਨੂੰਨ ਦੇ ਵਿਰੋਧ ਵਿੱਚ, ਇਨ੍ਹਾਂ ਪੰਜ ਤਿੱਬਤੀ ਸੰਗਠਨਾਂ ਨੇ ਅੰਤਰਰਾਸ਼ਟਰੀ ਦਬਾਅ ਬਣਾਉਣ ਦੇ ਉਦੇਸ਼ ਨਾਲ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਤੋਂ ਹਰਿਆਣਾ ਦੇ ਕੁਰੂਕਸ਼ੇਤਰ ਤੱਕ ਪਦਯਾਤਰਾ (ਪੈਦਲ ਮਾਰਚ) ਸ਼ੁਰੂ ਕੀਤੀ ਹੈ। 30 ਅਕਤੂਬਰ ਨੂੰ ਧਰਮਸ਼ਾਲਾ ਤੋਂ ਸ਼ੁਰੂ ਹੋਇਆ ਇਹ ਮਾਰਚ ਅੱਜ ਜ਼ੀਰਕਪੁਰ ਪੁੱਜਾ । ਉੱਥੇ, ਸਤੀਸ਼ ਭਾਰਦਵਾਜ , ਪ੍ਰਧਾਨ ਲੋਕਹਿਤ ਸੇਵਾ ਸਮਿਤੀ , ਜਨਕਰਾਜ ਸ਼ਰਮਾ ਭਾਰਤ ਭਾਰਤੀ ਦੇ ਸ਼ਹਿਰੀ ਕੋਆਰਡੀਨੇਟਰ, ਅਤੇ ਡਾ. ਸਰਬਜੀਤ ਕੌਰ ਪ੍ਰਧਾਨ ਤਥਾਸਤੂ ਚੈਰੀਟੇਬਲ ਸੋਸਾਇਟੀ ਨੇ ਆਪਣੇ-ਆਪਣੇ ਪ੍ਰਤੀਨਿਧੀਆਂ ਨਾਲ ਮਿਲ ਕੇ ਮਾਰਚ ਕਰਨ ਵਾਲਿਆਂ ਦਾ ਸਵਾਗਤ ਕੀਤਾ। ਉਨ੍ਹਾਂ ਨੇ ਚੀਨ ਦੀਆਂ ਤਿੱਬਤੀ ਵਿਰੋਧੀ ਨੀਤੀਆਂ ਅਤੇ ਤਿੱਬਤੀ ਲੋਕਾਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ ਦੀ ਸਖ਼ਤ ਨਿੰਦਾ ਕੀਤੀ, ਨਾਲ ਹੀ ਅੰਤਰਰਾਸ਼ਟਰੀ ਭਾਈਚਾਰੇ ਨੂੰ ਅੱਗੇ ਆਉਣ ਅਤੇ ਤਿੱਬਤੀਆਂ ਦੀ ਸਹਾਇਤਾ ਕਰਨ ਦੀ ਅਪੀਲ ਵੀ ਕੀਤੀ। ਇਨ੍ਹਾਂ ਤਿੱਬਤੀ ਸੰਗਠਨਾਂ ਦੇ ਨੇਤਾਵਾਂ ਨੇ ਲਗਭਗ ਛੇ ਦਹਾਕਿਆਂ ਤੋਂ ਤਿੱਬਤੀਆਂ ਨੂੰ ਪਨਾਹ ਦੇਣ ਅਤੇ ਉਨ੍ਹਾਂ ਦੇ ਅਧਿਆਤਮਿਕ ਨੇਤਾ, ਦਲਾਈ ਲਾਮਾ ਨੂੰ ਸਾਰਥਕ ਸਮਰਥਨ ਦੇਣ ਲਈ ਭਾਰਤ ਦਾ ਧੰਨਵਾਦ ਵੀ ਕੀਤਾ। ਉਨ੍ਹਾਂ ਕਿਹਾ ਕਿ ਲਗਭਗ 30 ਦੇਸ਼ਾਂ ਵਿੱਚ ਤਿੱਬਤੀ ਭਾਈਚਾਰੇ ਨੇ ਚੀਨ ਦੁਆਰਾ ਕੀਤੇ ਗਏ ਅੱਤਿਆਚਾਰਾਂ ਅਤੇ ਇਸਦੇ ਨਵੇਂ ਕਾਨੂੰਨਾਂ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ ਹਨ। ਉਨ੍ਹਾਂ ਅੱਗੇ ਜ਼ੋਰ ਦੇ ਕੇ ਕਿਹਾ ਕਿ ਇਸ ਮੁੱਦੇ ਦਾ ਸਥਾਈ ਹੱਲ ਸਿਰਫ਼ ਗੱਲਬਾਤ, ਆਪਸੀ ਸਤਿਕਾਰ, ਨਿਆਂ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਰਾਹੀਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ; ਇਸ ਨੂੰ ਤਾਕਤ ਦੀ ਵਰਤੋਂ, ਜ਼ਬਰਦਸਤੀ, ਜਾਂ ਕਿਸੇ ਭਾਈਚਾਰੇ ਦੀ ਪਛਾਣ ਨੂੰ ਦਬਾਉਣ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਚੀਨੀ ਸਰਕਾਰ ਦੇ ਅੱਤਿਆਚਾਰਾਂ ਤੋਂ ਨਿਰਾਸ਼ ਹੋ ਕੇ, 170 ਤੋਂ ਵੱਧ ਤਿੱਬਤੀਆਂ ਨੇ ਆਤਮਦਾਹ ਦਾ ਸਹਾਰਾ ਲਿਆ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਨੇਤਾਵਾਂ, ਸਰਕਾਰਾਂ, ਸੰਸਦ ਮੈਂਬਰਾਂ, ਸੰਗਠਨਾਂ ਅਤੇ ਤਿੱਬਤ ਦੇ ਦੋਸਤਾਨਾ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਚੀਨੀ ਸਰਕਾਰ 'ਤੇ ਦਬਾਅ ਪਾਉਣ ਲਈ ਆਪਣੇ ਪ੍ਰਭਾਵ ਦੀ ਵਰਤੋਂ ਕਰਨ, ਇਸ ਤਰ੍ਹਾਂ ਤਿੱਬਤੀ ਲੋਕਾਂ ਦੇ ਅਧਿਕਾਰਾਂ, ਸੱਭਿਆਚਾਰਕ ਪਛਾਣ, ਧਾਰਮਿਕ ਆਜ਼ਾਦੀ ਅਤੇ ਮਾਣ ਨੂੰ ਬਹਾਲ ਕਰਨ ਵਿੱਚ ਮਦਦ ਕਰਨ।



ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪਿੰਡ ਰਾਏਪੁਰ ਦੇ 117 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡਾਂ ਦੀ ਵੰਡ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਦੇ ਹੱਕ ਉਨ੍ਹਾਂ ਦੀਆਂ ਬਰੂਹਾਂ ਤਕ ਪਹੁੰਚਾਉਣ ਲਈ ਵਚਨਬੱਧ ਹੈ ਪੰਜਾਬ ਸਰਕਾਰ: ਤਰੁਨਪ੍ਰੀਤ ਸਿੰਘ ਸੌਂਦ



ਜਸਵੀਰ ਸਿੰਘ ਮਣਕੂ
ਖੰਨਾ, (ਲੁਧਿਆਣਾ) 02 ਨਵੰਬਰ

ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਵਿਧਾਨ ਸਭਾ ਹਲਕਾ ਖੰਨਾ ਦੇ ਪਿੰਡ ਰਾਏਪੁਰ ਦੇ 117 ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਵੰਡੇ। ਪਿੰਡ ਰਾਏਪੁਰ ਵਿਖੇ ਕਰਵਾਏ ਸਮਾਗਮਾਂ ਦੌਰਾਨ ਉਨ੍ਹਾਂ ਕਿਹਾ ਕਿ ਆਪਣੇ ਘਰ ਦੀ ਮਾਲਕੀ ਦਾ ਦਸਤਾਵੇਜ਼ ਮਿਲਣਾ ਪਰਿਵਾਰਾਂ ਲਈ ਤਸੱਲੀ ਅਤੇ ਮਾਣ ਵਾਲਾ ਪਲ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਪਿੰਡ ਰਾਏਪੁਰ ਦੇ 117 ਪਰਿਵਾਰਾਂ ਨੂੰ ਉਨ੍ਹਾਂ ਦੀਆਂ ਰਿਹਾਇਸ਼ੀ ਜਾਇਦਾਦਾਂ ਦੇ ਪ੍ਰਾਪਰਟੀ ਕਾਰਡ ਸੌਂਪੇ ਗਏ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੀ ਲਾਲ ਲਕੀਰ ਅੰਦਰਲੇ ਘਰਾਂ ਵਿੱਚ ਲੰਮੇ ਸਮੇਂ ਤੋਂ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਦੀ ਦਸਤਾਵੇਜ਼ੀ ਪਛਾਣ ਦੇਣਾ ਇਸ ਸਕੀਮ ਦਾ ਅਹਿਮ ਉਦੇਸ਼ ਹੈ।

ਸ੍ਰੀ ਸੌਂਦ ਨੇ ਕਿਹਾ ਕਿ ਜਿਨ੍ਹਾਂ ਘਰਾਂ ਨਾਲ ਪਰਿਵਾਰਾਂ ਦੀਆਂ ਪੀੜ੍ਹੀਆਂ ਦੀਆਂ ਯਾਦਾਂ, ਮਿਹਨਤ ਅਤੇ ਜਜ਼ਬਾਤ ਜੁੜੇ ਹੋਏ ਹਨ, ਉਨ੍ਹਾਂ ਦੀ ਮਾਲਕੀ ਦਾ ਸਪੱਸ਼ਟ ਰਿਕਾਰਡ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਈ ਪਰਿਵਾਰ ਦਹਾਕਿਆਂ ਤੋਂ ਆਪਣੇ ਘਰਾਂ ਵਿੱਚ ਰਹਿਣ ਦੇ ਬਾਵਜੂਦ ਮਾਲਕੀ ਦੇ ਰਸਮੀ ਦਸਤਾਵੇਜ਼ਾਂ ਦੀ ਘਾਟ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਦੇ ਆ ਰਹੇ ਸਨ। 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਅਜਿਹੇ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਮੁਹੱਈਆ ਕਰਵਾਉਣ ਨਾਲ ਉਨ੍ਹਾਂ ਨੂੰ ਆਪਣੀ ਜਾਇਦਾਦ ਦੀ ਪਛਾਣ ਅਤੇ ਮਾਲਕੀ ਸਬੰਧੀ ਦਸਤਾਵੇਜ਼ੀ ਆਧਾਰ ਮਿਲ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਾਇਦਾਦ ਦਾ ਸਪੱਸ਼ਟ ਰਿਕਾਰਡ ਪਰਿਵਾਰਾਂ ਦੇ ਭਵਿੱਖ ਲਈ ਵੀ ਅਹਿਮ ਹੈ। ਇਹ ਦਸਤਾਵੇਜ਼ ਮਾਲਕੀ ਸਬੰਧੀ ਅਸਪੱਸ਼ਟਤਾ ਘਟਾਉਣ ਅਤੇ ਜਾਇਦਾਦ ਨਾਲ ਜੁੜੇ ਮਾਮਲਿਆਂ ਵਿੱਚ ਰਿਕਾਰਡ ਪੇਸ਼ ਕਰਨ ਲਈ ਮਦਦਗਾਰ ਹੋ ਸਕਦੇ ਹਨ। ਇਸ ਤੋਂ ਇਲਾਵਾ, ਲੋੜ ਪੈਣ 'ਤੇ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਦੀਆਂ ਲਾਗੂ ਸ਼ਰਤਾਂ ਅਨੁਸਾਰ ਕਰਜ਼ੇ ਲਈ ਅਰਜ਼ੀ ਦੇਣ ਸਮੇਂ ਵੀ ਮਾਲਕੀ ਦੇ ਦਸਤਾਵੇਜ਼ ਸਹਾਇਕ ਹੋ ਸਕਦੇ ਹਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਯਤਨ ਹੈ ਕਿ ਲੋਕਾਂ ਨੂੰ ਸਰਕਾਰੀ ਸਹੂਲਤਾਂ ਅਤੇ ਆਪਣੇ ਹੱਕਾਂ ਸਬੰਧੀ ਦਸਤਾਵੇਜ਼ ਪ੍ਰਾਪਤ ਕਰਨ ਲਈ ਬੇਲੋੜੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਕੀਮ ਨਾਲ ਸਬੰਧਤ ਬਾਕੀ ਰਹਿੰਦੀ ਕਾਰਵਾਈ ਨੂੰ ਪਾਰਦਰਸ਼ੀ ਅਤੇ ਸਮਾਂਬੱਧ ਢੰਗ ਨਾਲ ਅੱਗੇ ਵਧਾਇਆ ਜਾਵੇ ਅਤੇ ਲੋਕਾਂ ਨੂੰ ਲੋੜੀਂਦੀ ਜਾਣਕਾਰੀ ਤੇ ਮਾਰਗਦਰਸ਼ਨ ਦਿੱਤਾ ਜਾਵੇ।

ਸ੍ਰੀ ਸੌਂਦ ਨੇ ਲਾਭਪਾਤਰੀ ਪਰਿਵਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਸਰਕਾਰ ਲੋਕਾਂ ਦੀਆਂ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਲੋੜਾਂ ਨੂੰ ਸਮਝਦਿਆਂ ਉਨ੍ਹਾਂ ਦੇ ਹੱਲ ਲਈ ਕੰਮ ਕਰ ਰਹੀ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਹਲਕੇ ਦੇ ਬਾਕੀ ਪਿੰਡਾਂ ਵਿੱਚ ਵੀ ਸਕੀਮ ਅਧੀਨ ਯੋਗ ਪਰਿਵਾਰਾਂ ਨੂੰ ਪ੍ਰਾਪਰਟੀ ਕਾਰਡ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਅੱਗੇ ਵਧਾਈ ਜਾਵੇਗੀ।

ਇਸ ਮੌਕੇ ਪ੍ਰਾਪਰਟੀ ਕਾਰਡ ਹਾਸਲ ਕਰਨ ਵਾਲੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਘਰਾਂ ਦੀ ਮਾਲਕੀ ਦੇ ਦਸਤਾਵੇਜ਼ ਮਿਲਣ ਨਾਲ ਉਨ੍ਹਾਂ ਦੇ ਪਰਿਵਾਰਾਂ ਨੂੰ ਵੱਡੀ ਤਸੱਲੀ ਮਿਲੀ ਹੈ। ਸਮਾਗਮਾਂ ਦੌਰਾਨ ਪ੍ਰਸ਼ਾਸਨ ਅਤੇ ਮਾਲ ਵਿਭਾਗ ਦੇ ਅਧਿਕਾਰੀ, ਸਬੰਧਤ ਪਿੰਡ ਦੇ ਪੰਚ-ਸਰਪੰਚ ਅਤੇ ਇਲਾਕਾ ਵਾਸੀ ਹਾਜ਼ਰ ਸਨ।





ਜੀਰਕਪੁਰ ਵਿੱਚ 'ਸਟਾਰਡਮ ਆਈਕੌਨਜ਼ 2026 – ਸੀਜ਼ਨ 2' ਦਾ ਸ਼ਾਨਦਾਰ ਸਮਾਪਨ

ਮਾਹੀ, ਸ਼ਗੁਨ, ਸ਼੍ਰੇਆ ਮਹਿਤਾ, ਯਸ਼ ਅਤੇ ਅਮਨਦੀਪ ਨੇ ਜਿੱਤੇ ਮਾਡਲਿੰਗ ਦੇ ਖਿਤਾਬ; ਸੋਲੋ, ਡੁਏਟ ਅਤੇ ਗਰੁੱਪ ਡਾਂਸ ਦੇ ਜੇਤੂਆਂ ਨੂੰ ਕੀਤਾ ਗਿਆ ਸਨਮਾਨਿਤ; ਪੂਜਾ ਨੇ ਬਤੌਰ ਈਵੈਂਟ ਮੈਨੇਜਰ ਨਿਭਾਈ ਅਹਿਮ ਭੂਮਿਕਾ

ਪੀ ਐਸ ਮਿੱਠਾ
ਜੀਰਕਪੁਰ, 2 ਨਵੰਬਰ

ਪ੍ਰਤਿਭਾ, ਗਲੈਮਰ ਅਤੇ ਰਚਨਾ-ਤਮਕਤਾ ਦੇ ਸ਼ਾਨਦਾਰ ਜਸ਼ਨ ਵਜੋਂ 'ਸਟਾਰਡਮ ਆਈਕੌਨਜ਼ 2026 – ਸੀਜ਼ਨ 2' ਦਾ ਐਤਵਾਰ ਨੂੰ ਔਰਬਿਟ ਸਿਗਨੇਚਰ ਵਾਕ, ਵੀ.ਆਈ.ਪੀ. ਰੋਡ, ਜੀਰਕਪੁਰ ਵਿਖੇ ਸਫਲਤਾਪੂਰਵਕ ਆਯੋਜਨ ਕੀਤਾ ਗਿਆ। ਈਸ਼ੂ ਗੰਭੀਰ ਐਂਟਰਟੇਨਮੈਂਟ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਵੱਖ-ਵੱਖ ਉਮਰ ਵਰਗਾਂ ਦੇ ਡਾਂਸਰਾਂ ਅਤੇ ਮਾਡਲਾਂ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੀ ਕਲਾ, ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਸਟੇਜ ਪ੍ਰੈਜ਼ੈਂਸ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਮੌਕੇ ਸ਼੍ਰੀਮਤੀ ਸੁਮਨ ਗੰਭੀਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਜੀਰਕਪੁਰ ਤੋਂ ਭਾਜਪਾ ਆਗੂ ਸ਼੍ਰੀ ਗੁਰਦਰਸ਼ਨ ਸਿੰਘ ਸੈਣੀ ਵੀ ਮੌਜੂਦ ਰਹੇ। ਹਰਪ੍ਰੀਤ ਸਿੰਘ ਸੈਣੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸੋਨਮ ਗੰਭੀਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਈਸ਼ੂ ਗੰਭੀਰ ਨੇ ਸੈਲੀਬ੍ਰਿਟੀ ਵਜੋਂ ਪ੍ਰੋਗਰਾਮ ਦੀ ਸ਼ੋਭਾ ਵਧਾਈ। ਇਸ ਤੋਂ ਇਲਾਵਾ ਰਾਕੇਸ਼ ਜਾਮਵਾਲ, ਨਿਸ਼ਾ ਰਾਜਪੂਤ ਅਤੇ ਸੈਮ ਨੇ ਸ਼ੋਅ ਸਟਾਪਰ ਵਜੋਂ ਆਪਣੀ ਮੌਜੂਦਗੀ ਦਰਜ ਕਰਵਾਈ। ਗਾਇਕ ਅਮਨ ਲਾਡਲਾ ਨੇ ਵੀ ਆਪਣੀ ਸੰਗੀਤਕ ਪੇਸ਼ਕਾਰੀ ਨਾਲ ਸਮਾਗਮ ਨੂੰ ਹੋਰ ਰੌਣਕਮਈ ਬਣਾਇਆ।

ਮਾਡਲਿੰਗ ਮੁਕਾਬਲੇ ਵਿੱਚ ਵੱਖ-ਵੱਖ ਸ਼੍ਰੇਣੀਆਂ ਦੇ ਜੇਤੂਆਂ ਦਾ ਐਲਾਨ ਕੀਤਾ ਗਿਆ। ਜੂਨੀਅਰ ਮਿਸ ਸਟਾਰਡਮ ਆਈਕੌਨ ਸੀਜ਼ਨ-2 ਵਿੱਚ ਮਾਹੀ (ਟੈਗ ਨੰਬਰ 12), ਸ਼ਗੁਨ (ਟੈਗ ਨੰਬਰ 17) ਅਤੇ ਜਸਨੀਤ (ਟੈਗ ਨੰਬਰ 5) ਨੂੰ ਜੇਤੂ ਐਲਾਨਿਆ ਗਿਆ। ਜੂਨੀਅਰ ਮਾਸਟਰ ਸਟਾਰਡਮ ਆਈਕੌਨ ਦਾ ਖਿਤਾਬ ਪੰਸ਼ੁਲ ਬਤਰਾ (ਟੈਗ ਨੰਬਰ 16) ਨੇ ਜਿੱਤਿਆ। ਮਿਸ ਸਟਾਰਡਮ ਆਈਕੌਨ ਦਾ ਖਿਤਾਬ ਸ਼੍ਰੇਆ ਮਹਿਤਾ (ਟੈਗ ਨੰਬਰ 3), ਮਿਸਟਰ ਸਟਾਰਡਮ ਆਈਕੌਨ ਦਾ ਖਿਤਾਬ ਯਸ਼ (ਟੈਗ ਨੰਬਰ 48) ਅਤੇ ਮਿਸਿਜ਼ ਸਟਾਰਡਮ ਆਈਕੌਨ ਦਾ ਖਿਤਾਬ ਅਮਨਦੀਪ (ਟੈਗ ਨੰਬਰ 45) ਨੇ ਆਪਣੇ ਨਾਮ ਕੀਤਾ।

ਡਾਂਸ ਮੁਕਾਬਲੇ ਵਿੱਚ ਵੀ ਭਾਗੀਦਾਰਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸੋਲੋ ਡਾਂਸ ਦੇ ਸਬ-ਜੂਨੀਅਰ ਵਰਗ ਵਿੱਚ ਸ਼ਾਈਨੀ (ਟੈਗ ਨੰਬਰ 32), ਜੂਨੀਅਰ ਵਰਗ ਵਿੱਚ ਨਮਾਮੀ (ਟੈਗ ਨੰਬਰ 54) ਅਤੇ ਸੀਨੀਅਰ ਵਰਗ ਵਿੱਚ ਐਮ.ਡੀ. ਪੌਪਰ (ਟੈਗ ਨੰਬਰ 49) ਜੇਤੂ ਰਹੇ।

ਡੁਏਟ ਡਾਂਸ ਦੇ ਸਬ-ਜੂਨੀਅਰ ਵਰਗ ਵਿੱਚ ਸਚਲੀਨ ਅਤੇ ਹਰਪ-ਰਮੀਤ (ਟੈਗ ਨੰਬਰ 19), ਜੂਨੀਅਰ ਵਰਗ ਵਿੱਚ ਹਿਆ ਅਤੇ ਆਰਾਧਿਆ (ਟੈਗ ਨੰਬਰ 33) ਅਤੇ ਸੀਨੀਅਰ ਵਰਗ ਵਿੱਚ ਨੇਹਾ ਅਤੇ ਵੰਸ਼ (ਟੈਗ ਨੰਬਰ 51) ਨੇ ਜਿੱਤ ਹਾਸਲ ਕੀਤੀ। ਗਰੁੱਪ ਡਾਂਸ ਵਿੱਚ ਸਤੁਤੀ ਕਰੂ (ਟੈਗ ਨੰਬਰ 58) ਜੇਤੂ ਰਿਹਾ, ਜਦਕਿ ਫੋਕ ਸਪੈਸ਼ਲ ਸ਼੍ਰੇਣੀ ਵਿੱਚ ਗੀਤਿਕਾ (ਟੈਗ ਨੰਬਰ 8) ਨੂੰ ਜੇਤੂ ਐਲਾਨਿਆ ਗਿਆ।

ਇਸ ਸਮਾਗਮ ਦਾ ਮੁੱਖ ਉਦੇਸ਼ ਉੱਭਰ ਰਹੀਆਂ ਪ੍ਰਤਿਭਾਵਾਂ ਨੂੰ ਇੱਕ ਵਧੀਆ ਮੰਚ ਪ੍ਰਦਾਨ ਕਰਨਾ ਅਤੇ ਡਾਂਸ, ਮਾਡਲਿੰਗ ਤੇ ਮਨੋਰੰਜਨ ਦੇ ਖੇਤਰ ਵਿੱਚ ਉਨ੍ਹਾਂ ਲਈ ਨਵੇਂ ਮੌਕੇ ਪੈਦਾ ਕਰਨਾ ਸੀ। ਮੁਕਾਬਲੇ ਦੌਰਾਨ ਭਾਗੀਦਾਰਾਂ ਨੇ ਆਪਣੀ ਮਿਹਨਤ, ਆਤਮ-ਵਿਸ਼ਵਾਸ, ਰਚਨਾਤਮਕਤਾ ਅਤੇ ਸ਼ਾਨਦਾਰ ਪੇਸ਼ਕਾਰੀਆਂ ਨਾਲ ਦਰਸ਼ਕਾਂ ਦਾ ਦਿਲ ਜਿੱਤ ਲਿਆ।

ਇਸ ਸਮਾਗਮ ਦੇ ਸਫਲ ਆਯੋਜਨ ਅਤੇ ਪ੍ਰਬੰਧਨ ਵਿੱਚ ਈਵੈਂਟ ਮੈਨੇਜਰ ਪੂਜਾ ਦੀ ਅਹਿਮ ਭੂਮਿਕਾ ਰਹੀ। ਉਨ੍ਹਾਂ ਨੇ ਭਾਗੀਦਾਰਾਂ ਨਾਲ ਤਾਲਮੇਲ ਬਣਾਉਣ, ਸਮਾਗਮ ਦੀਆਂ ਵੱਖ-ਵੱਖ ਵਿਵਸਥਾਵਾਂ ਸੰਭਾਲਣ ਅਤੇ ਪੂਰੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਮਹੱਤਵ-ਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀ ਮਿਹਨਤ, ਯੋਜਨਾਬੰਦੀ ਅਤੇ ਸਮਰਪਣ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।

ਇਸ ਸਮਾਗਮ ਨੂੰ ਅਵਿਸ਼ਿਵੀ ਰਿਕਾਰਡਜ਼ ਦੇ ਡਾ. ਰਾਜ ਔਲਖ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ, ਜੋ ਇਸ ਦੇ ਕੋ-ਪਾਵਰਡ ਪਾਰਟਨਰ ਸਨ। ਪ੍ਰੋਗਰਾਮ ਦਾ ਆਯੋਜਨ ਈਸ਼ੂ ਗੰਭੀਰ ਐਂਟਰਟੇ-ਨਮੈਂਟ ਵੱਲੋਂ ਸੇਠੀ ਢਾਬਾ ਅਤੇ ਸਟਾਰਡਮ ਐਕਟਿੰਗ ਇੰਸਟੀਚਿ-ਊਟ ਦੇ ਸਹਿਯੋਗ ਨਾਲ ਕੀਤਾ ਗਿਆ, ਜਦਕਿ ਅਵਿਸ਼ਿਵੀ ਰਿਕਾਰਡਜ਼ ਕੋ-ਪਾਵਰਡ ਪਾਰਟਨਰ ਰਿਹਾ।

ਸਮਾਗਮ ਦੀ ਸਫਲਤਾ ਤੋਂ ਬਾਅਦ ਈਸ਼ੂ ਗੰਭੀਰ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਸੈਲੀਬ੍ਰਿਟੀ ਮਹਿਮਾਨਾਂ, ਸ਼ੋਅ ਸਟਾਪਰਾਂ, ਗਾਇਕ ਅਮਨ ਲਾਡਲਾ, ਡਾ. ਰਾਜ ਔਲਖ, ਸਹਿਯੋਗੀ ਸੰਸਥਾਵਾਂ, ਈਵੈਂਟ ਮੈਨੇਜਰ ਪੂਜਾ, ਸਾਰੇ ਭਾਗੀਦਾਰਾਂ, ਮਾਪਿਆਂ ਅਤੇ ਪੂਰੀ ਆਯੋਜਨ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਸਹਿਯੋਗ ਅਤੇ ਭਾਗੀਦਾਰਾਂ ਦੇ ਉਤਸ਼ਾਹ ਨੇ ਇਸ ਸੀਜ਼ਨ ਨੂੰ ਯਾਦਗਾਰ ਸਫਲਤਾ ਬਣਾਇਆ ਹੈ।

ਈਸ਼ੂ ਗੰਭੀਰ ਨੇ ਕਿਹਾ ਕਿ ਅਜਿਹੇ ਮੰਚ ਉੱਭਰ ਰਹੀਆਂ ਪ੍ਰਤਿਭਾਵਾਂ ਨੂੰ ਪਛਾਣ ਦਿਵਾਉਣ, ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਣ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਵੱਲ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਸਟਾਰਡਮ ਐਕਟਿੰਗ ਇੰਸਟੀਚਿ-ਊਟ ਅਤੇ ਈਸ਼ੂ ਗੰਭੀਰ ਐਂਟਰਟੇ-ਨਮੈਂਟ ਦਾ ਉਦੇਸ਼ ਭਵਿੱਖ ਵਿੱਚ ਵੀ ਨੌਜਵਾਨ ਕਲਾਕਾਰਾਂ ਨੂੰ ਪ੍ਰੋਫੈਸ਼ਨਲ ਟ੍ਰੇਨਿੰਗ, ਪ੍ਰੋਡਕਸ਼ਨ ਦੇ ਮੌਕੇ ਅਤੇ ਆਪਣੀ ਕਲਾ ਦਿਖਾਉਣ ਲਈ ਬਿਹਤਰ ਮੰਚ ਪ੍ਰਦਾਨ ਕਰਨਾ ਹੈ।

'ਸਟਾਰਡਮ ਆਈਕੌਨਜ਼ 2026 – ਸੀਜ਼ਨ 2' ਦਾ ਸਫਲ ਆਯੋਜਨ ਡਾਂਸ, ਮਾਡਲਿੰਗ ਅਤੇ ਮਨੋਰੰਜਨ ਦੇ ਖੇਤਰ ਵਿੱਚ ਨਵੀਆਂ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਯਾਦਗਾਰ ਪਹਿਲ ਸਾਬਤ ਹੋਇਆ।

ਬਲਟਾਣਾ ਫਰਨੀਚਰ ਮਾਰਕੀਟ ਵਿਵਾਦ: ਨਗਰ ਕੌਂਸਲ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਕਦੋਂ ਦੇਣਗੇ ਜਵਾਬ?

ਦਿਲਬਾਗ ਸਿੰਘ ਕੰਬੋਜ
ਬਲਟਾਣਾ:

ਬਲਟਾਣਾ ਦੀ ਫਰਨੀਚਰ ਮਾਰਕੀਟ ਵਿੱਚ ਨਗਰ ਕੌਂਸਲ ਵੱਲੋਂ ਕਥਿਤ ਵਿਤਕਰੇ ਵਾਲੀ ਕਾਰਵਾਈ ਨੂੰ ਲੈ ਕੇ ਵਿਵਾਦ ਲਗਾਤਾਰ ਭਖਦਾ ਜਾ ਰਿਹਾ ਹੈ। ਧੀਮਾਨ ਫਰਨੀਚਰ ਦੇ ਮਾਲਕ ਪਰਮਜੀਤ ਸਿੰਘ ਪੰਮੀ ਨੇ ਨਗਰ ਕੌਂਸਲ ਦੀ ਕਾਰਜ-ਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਦੋਸ਼ ਲਗਾਇਆ ਹੈ ਕਿ ਜੇਕਰ ਉਨ੍ਹਾਂ ਦੀ ਦੁਕਾਨ ਦੇ ਬਾਹਰ ਇੱਕ ਕੁਰਸੀ ਵੀ ਪਈ ਹੋਵੇ ਤਾਂ ਕੌਂਸਲ ਦੇ ਕਰਮਚਾਰੀ ਤੁਰੰਤ ਪਹੁੰਚ ਕੇ ਸਮਾਨ ਚੁੱਕ ਲੈਂਦੇ ਹਨ, ਜਦਕਿ ਮਾਰਕੀਟ ਦੀਆਂ ਕਈ ਹੋਰ ਦੁਕਾਨਾਂ ਦਾ ਵੱਡੀ ਮਾਤਰਾ ਵਿੱਚ ਸਮਾਨ ਸੜਕਾਂ 'ਤੇ ਪਿਆ ਰਹਿੰਦਾ ਹੈ।





ਉਨ੍ਹਾਂ ਅਨੁਸਾਰ ਕਈ ਦੁਕਾਨਦਾਰ ਖੁੱਲ੍ਹੇਆਮ ਸੜਕਾਂ ਅਤੇ ਦੁਕਾਨਾਂ ਦੇ ਬਾਹਰ ਫਰਨੀਚਰ 'ਤੇ ਸਪਰੇਅ ਅਤੇ ਪਾਲਿਸ਼ ਕਰ ਰਹੇ ਹਨ, ਜਿੱਥੇ ਕੈਮੀਕਲਾਂ ਦੀ ਵਰਤੋਂ ਵੀ ਕੀਤੀ ਜਾ ਰਹੀ ਹੈ। ਇਸ ਦੇ ਬਾਵਜੂਦ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਹੋਣ ਕਾਰਨ ਉਨ੍ਹਾਂ ਨੇ ਨਗਰ ਕੌਂਸਲ ਦੀ ਕਾਰਵਾਈ 'ਤੇ ਸਵਾਲ ਖੜ੍ਹੇ ਕੀਤੇ ਹਨ। ਪਰਮਜੀਤ ਸਿੰਘ ਪੰਮੀ ਨੇ ਇਹ ਵੀ ਸ਼ੱਕ ਜਤਾਇਆ ਹੈ ਕਿ ਕਾਂਗਰਸ ਨਾਲ ਜੁੜੇ ਹੋਣ ਕਾਰਨ ਉਨ੍ਹਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਹਾਲਾਂਕਿ ਇਨ੍ਹਾਂ ਦੋਸ਼ਾਂ ਦੀ ਸੁਤੰਤਰ ਪੁਸ਼ਟੀ ਹੋਣੀ ਬਾਕੀ ਹੈ।

ਨਗਰ ਕੌਂਸਲ ਪ੍ਰਧਾਨ ਦਾ ਪੱਖ ਲੈਣ ਲਈ ਇੱਕ ਹਫ਼ਤੇ ਤੋਂ ਕਰ ਰਹੇ ਹਾਂ ਕੋਸ਼ਿਸ਼

ਇਸ ਪੂਰੇ ਮਾਮਲੇ ਸਬੰਧੀ ਨਗਰ ਕੌਂਸਲ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਦਾ ਪੱਖ ਜਾਣਨ ਲਈ ਸਾਂਝੀ ਖ਼ਬਰ ਦੇ ਪੱਤਰਕਾਰ ਦਿਲਬਾਗ ਸਿੰਘ ਕੰਬੋਜ ਵੱਲੋਂ ਪਿਛਲੇ ਇੱਕ ਹਫ਼ਤੇ ਤੋਂ ਵੱਧ ਸਮੇਂ ਤੋਂ ਲਗਾਤਾਰ ਫੋਨ ਕੀਤੇ ਜਾ ਰਹੇ ਹਨ, ਪਰ ਉਨ੍ਹਾਂ ਵੱਲੋਂ ਫੋਨ ਦਾ ਜਵਾਬ ਨਹੀਂ ਦਿੱਤਾ ਜਾ ਰਿਹਾ।

ਪੱਤਰਕਾਰ ਦਾ ਦਾਅਵਾ ਹੈ ਕਿ ਜਦੋਂ ਕਿਸੇ ਹੋਰ ਨੰਬਰ ਤੋਂ ਫੋਨ ਕੀਤਾ ਜਾਂਦਾ ਹੈ ਤਾਂ ਕਾਲ ਦੀ ਘੰਟੀ ਜਾਂਦੀ ਹੈ, ਪਰ ਆਪਣੇ ਨੰਬਰ ਤੋਂ ਫੋਨ ਕਰਨ 'ਤੇ ਲਗਾਤਾਰ ਬਿਜ਼ੀ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਪੱਤਰਕਾਰ ਵੱਲੋਂ ਸ਼ੱਕ ਜਤਾਇਆ ਗਿਆ ਹੈ ਕਿ ਉਨ੍ਹਾਂ ਨੂੰ ਵਟਸਐਪ ਅਤੇ ਕਾਲਿੰਗ ਦੋਵਾਂ 'ਤੇ ਬਲਾਕ ਕੀਤਾ ਹੋ ਸਕਦਾ ਹੈ। ਇਸ ਦੀ ਸੁਤੰਤਰ ਤਸਦੀਕ ਨਹੀਂ ਹੋ ਸਕੀ।

ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਤੋਂ ਸਵਾਲ ਪੁੱਛਣਾ ਕੀ ਗਲਤ ਹੈ?

ਇੱਥੇ ਸਵਾਲ ਸਿਰਫ਼ ਇੱਕ ਫਰਨੀਚਰ ਦੁਕਾਨਦਾਰ ਦਾ ਨਹੀਂ, ਸਗੋਂ ਪੂਰੀ ਮਾਰਕੀਟ ਵਿੱਚ ਨਿਯਮਾਂ ਦੀ ਬਰਾਬਰ ਪਾਲਣਾ ਦਾ ਹੈ। ਜੇਕਰ ਨਗਰ ਕੌਂਸਲ ਵੱਲੋਂ ਸੜਕਾਂ 'ਤੇ ਸਮਾਨ ਰੱਖਣ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਤਾਂ ਇਹ ਕਾਰਵਾਈ ਸਾਰੇ ਦੁਕਾਨਦਾਰਾਂ ਲਈ ਇੱਕੋ ਜਿਹੀ ਕਿਉਂ ਨਹੀਂ ਹੋਣੀ ਚਾਹੀਦੀ?

ਲੋਕਾਂ ਵੱਲੋਂ ਚੁਣਿਆ ਗਿਆ ਨੁਮਾਇੰਦਾ ਜਦੋਂ ਜਨਤਕ ਮਾਮਲਿਆਂ 'ਤੇ ਸਵਾਲਾਂ ਦਾ ਸਾਹਮਣਾ ਕਰਦਾ ਹੈ ਤਾਂ ਉਸ ਦਾ ਪੱਖ ਜਾਣਨਾ ਵੀ ਲੋਕਤੰਤਰ ਅਤੇ ਪੱਤਰਕਾਰੀ ਦਾ ਹਿੱਸਾ ਹੈ। ਪੱਤਰਕਾਰ ਦਾ ਸਵਾਲ ਹੈ ਕਿ ਫੋਨ ਨਾ ਚੁੱਕਣ ਜਾਂ ਬਲਾਕ ਕਰਨ ਨਾਲ ਜਨਤਕ ਮਸਲਿਆਂ ਦੇ ਜਵਾਬ ਕਿਵੇਂ ਮਿਲਣਗੇ?

ਸਾਂਝੀ ਖ਼ਬਰ ਵੱਲੋਂ ਨਗਰ ਕੌਂਸਲ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਨੂੰ ਅਪੀਲ ਹੈ ਕਿ ਉਹ ਇਸ ਮਾਮਲੇ 'ਤੇ ਆਪਣਾ ਪੱਖ ਜਨਤਕ ਕਰਨ, ਤਾਂ ਜੋ ਲੋਕਾਂ ਸਾਹਮਣੇ ਪੂਰੀ ਸੱਚਾਈ ਆ ਸਕੇ। ਸਾਂਝੀ ਖ਼ਬਰ ਉਨ੍ਹਾਂ ਦਾ ਪੱਖ ਵੀ ਪੂਰੀ ਜ਼ਿੰਮੇਵਾਰੀ ਨਾਲ ਪ੍ਰਕਾਸ਼ਿਤ ਕਰੇਗੀ।

ਬਾਲੀਵੁੱਡ ਦੇ ਕਿੰਗ ਖਾਨ ਸ਼ਾਹਰੁਖ ਖਾਨ ਨੂੰ ਜਨਮਦਿਨ ’ਤੇ ਰਾਕੇਸ਼ ਕਾਂਤੀਲਾਲ ਉਪਾਧਿਆਏ ਨੇ ਦਿੱਤੀਆਂ ਸ਼ੁਭਕਾਮਨਾਵਾਂ

ਸੁਖਵਿੰਦਰ ਸੋਹੀ
ਮੁੰਬਈ

ਬਾਲੀਵੁੱਡ ਦੇ ਬਾਦਸ਼ਾਹ ਅਤੇ ਕਰੋੜਾਂ ਪ੍ਰਸ਼ੰਸਕਾਂ ਦੇ ਦਿਲਾਂ ’ਤੇ ਰਾਜ ਕਰਨ ਵਾਲੇ ਸੁਪਰਸਟਾਰ ਸ਼ਾਹਰੁਖ ਖਾਨ ਦੇ ਜਨਮਦਿਨ ਮੌਕੇ ਦੇਸ਼-ਵਿਦੇਸ਼ ਤੋਂ ਉਨ੍ਹਾਂ ਨੂੰ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ ਰਿਹਾ। ਇਸ ਖਾਸ ਮੌਕੇ ’ਤੇ ਫਿਲਮ ਜਗਤ ਨਾਲ ਜੁੜੀਆਂ ਹਸਤੀਆਂ, ਪ੍ਰਸ਼ੰਸਕਾਂ ਅਤੇ ਸ਼ੁਭਚਿੰਤਕਾਂ ਨੇ ਸੋਸ਼ਲ ਮੀਡੀਆ ਰਾਹੀਂ ਕਿੰਗ ਖਾਨ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟ ਕੀਤਾ।



ਇਸੇ ਲੜੀ ਤਹਿਤ ਰਾਕੇਸ਼ ਕਾਂਤੀਲਾਲ ਉਪਾਧਿਆਏ ਨੇ ਵੀ ਬਾਲੀਵੁੱਡ ਦੇ ਪ੍ਰਸਿੱਧ ਅਦਾਕਾਰ ਸ਼ਾਹਰੁਖ ਖਾਨ ਨੂੰ ਜਨਮਦਿਨ ਦੀਆਂ ਦਿਲੋਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟ-ਫਾਰਮ ਇੰਸਟਾਗ੍ਰਾਮ ’ਤੇ ਪੋਸਟ ਸਾਂਝੀ ਕਰਦਿਆਂ ਕਿੰਗ ਖਾਨ ਨੂੰ ਖਾਸ ਅੰਦਾਜ਼ ਵਿੱਚ ਵਧਾਈ ਦਿੱਤੀ। ਆਪਣੇ ਸੰਦੇਸ਼ ਵਿੱਚ ਉਨ੍ਹਾਂ ਨੇ ਲਿਖਿਆ, “ਹੈਪੀ ਬਰਥਡੇ ਵਨ ਐਂਡ ਓਨਲੀ ਸ਼ਾਹਰੁਖ ਖਾਨ।” ਇਸ ਦੇ ਨਾਲ ਹੀ ਉਨ੍ਹਾਂ ਨੇ ਸ਼ਾਹਰੁਖ ਖਾਨ ਦੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ ਨੂੰ ਟੈਗ ਕਰਦਿਆਂ ਉਨ੍ਹਾਂ ਦੀ ਚੰਗੀ ਸਿਹਤ, ਖੁਸ਼ਹਾਲੀ ਅਤੇ ਲੰਬੀ ਉਮਰ ਦੀ ਕਾਮਨਾ ਕੀਤੀ।

ਰਾਕੇਸ਼ ਕਾਂਤੀਲਾਲ ਉਪਾਧਿਆਏ ਨੇ ਕਿਹਾ ਕਿ ਸ਼ਾਹਰੁਖ ਖਾਨ ਨੇ ਆਪਣੀ ਮਿਹਨਤ, ਲਗਨ ਅਤੇ ਸ਼ਾਨਦਾਰ ਅਦਾਕਾਰੀ ਦੇ ਦਮ ’ਤੇ ਭਾਰਤੀ ਫਿਲਮ ਇੰਡਸਟਰੀ ਵਿੱਚ ਇੱਕ ਵੱਖਰਾ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਦੀਆਂ ਫਿਲਮਾਂ ਅਤੇ ਅਦਾਕਾਰੀ ਨੇ ਨਾ ਸਿਰਫ਼ ਭਾਰਤ ਵਿੱਚ, ਸਗੋਂ ਵਿਦੇਸ਼ਾਂ ਵਿੱਚ ਵੱਸਦੇ ਭਾਰਤੀਆਂ ਦੇ ਦਿਲਾਂ ਵਿੱਚ ਵੀ ਖਾਸ ਥਾਂ ਬਣਾਈ ਹੈ।

ਸ਼ਾਹਰੁਖ ਖਾਨ ਨੇ ਆਪਣੇ ਲੰਮੇ ਫਿਲਮੀ ਸਫ਼ਰ ਦੌਰਾਨ ਰੋਮਾਂਟਿਕ, ਪਰਿਵਾਰਕ, ਸਮਾਜਿਕ ਅਤੇ ਐਕਸ਼ਨ ਫਿਲਮਾਂ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ। ਉਨ੍ਹਾਂ ਦੀ ਲੋਕਪ੍ਰਿਯਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਨਮਦਿਨ ਮੌਕੇ ਸੋਸ਼ਲ ਮੀਡੀਆ ’ਤੇ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਾ ਹੜ੍ਹ ਆ ਜਾਂਦਾ ਹੈ।

ਰਾਕੇਸ਼ ਕਾਂਤੀਲਾਲ ਉਪਾਧਿਆਏ ਵੱਲੋਂ ਦਿੱਤੀਆਂ ਗਈਆਂ ਸ਼ੁਭਕਾਮ-ਨਾਵਾਂ ਦੇ ਨਾਲ ਪ੍ਰਸ਼ੰਸਕਾਂ ਨੇ ਵੀ ਕਿੰਗ ਖਾਨ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟ ਕੀਤਾ। ਸ਼ਾਹਰੁਖ ਖਾਨ ਅੱਜ ਵੀ ਕਰੋੜਾਂ ਲੋਕਾਂ ਦੇ ਚਹੇਤੇ ਅਦਾਕਾਰ ਹਨ।

ਛੱਠ ਮਹਾਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਪ੍ਰਬੰਧਕਾਂ ਨੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨਾਲ ਕੀਤੀ ਮੁਲਾਕਾਤ

ਨਗਰ ਕੌਂਸਲ ਪ੍ਰਧਾਨ ਜਤਿੰਦਰ ਪਾਠਕ ਅਤੇ ਕੌਂਸਲਰ ਨਿਸ਼ੂ ਕਪਿਲਾ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਰਹੇ ਮੌਜੂਦ, ਸ਼ਰਧਾਲੂਆਂ ਦੀਆਂ ਸਹੂਲਤਾਂ ਨੂੰ ਲੈ ਕੇ ਹੋਈ ਚਰਚਾ

ਜਸਵੀਰ ਸਿੰਘ ਮਣਕੂ
ਖੰਨਾ, 2 ਨਵੰਬਰ:

ਆਸਥਾ, ਸ਼ਰਧਾ ਅਤੇ ਸੂਰਜ ਉਪਾਸਨਾ ਦੇ ਮਹਾਪੁਰਬ ਛੱਠ ਪੂਜਾ ਨੂੰ ਲੈ ਕੇ ਖੰਨਾ ਵਿੱਚ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸੇ ਸਬੰਧ ਵਿੱਚ ਛੱਠ ਮਹਾਪੁਰਬ ਦੇ ਪ੍ਰਬੰਧਕਾਂ ਨੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਛੱਠ ਪੂਜਾ ਦੇ ਪ੍ਰਬੰਧਾਂ, ਸ਼ਰਧਾਲੂਆਂ ਦੀਆਂ ਸਹੂਲਤਾਂ ਅਤੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਖੰਨਾ ਦੇ ਪ੍ਰਧਾਨ ਜਤਿੰਦਰ ਪਾਠਕ ਅਤੇ ਵਾਰਡ ਨੰਬਰ 26 ਦੇ ਕੌਂਸਲਰ ਨਿਸ਼ੂ ਕਪਿਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਉਨ੍ਹਾਂ ਨੇ ਸਮਾਗਮ ਨਾਲ ਜੁੜੀਆਂ ਤਿਆਰੀਆਂ ਅਤੇ ਪ੍ਰਬੰਧਾਂ ਸਬੰਧੀ ਮੰਤਰੀ ਸੌਂਧ ਨਾਲ ਵਿਚਾਰ ਸਾਂਝੇ ਕੀਤੇ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਪ੍ਰਬੰਧਕਾਂ ਨੂੰ ਭਰੋਸਾ ਦਿੱਤਾ ਕਿ ਛੱਠ ਮਹਾਪੁਰਬ ਦੇ ਆਯੋਜਨ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ ਅਤੇ ਸ਼ਰਧਾਲੂਆਂ ਦੀਆਂ ਸਹੂਲਤਾਂ ਤੇ ਲੋੜੀਂਦੇ ਪ੍ਰਬੰਧਾਂ ਲਈ ਪੂਰਾ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਛੱਠ ਮਹਾਪੁਰਬ ਆਸਥਾ ਅਤੇ ਸੱਭਿਆਚਾਰ ਨਾਲ ਜੁੜਿਆ ਮਹੱਤਵਪੂਰਨ ਤਿਉਹਾਰ ਹੈ ਅਤੇ ਅਜਿਹੇ ਧਾਰਮਿਕ ਸਮਾਗਮਾਂ ਵਿੱਚ ਸਾਰਿਆਂ ਨੂੰ ਮਿਲ ਕੇ ਸਹਿਯੋਗ ਕਰਨਾ ਚਾਹੀਦਾ ਹੈ। ਮੀਟਿੰਗ ਵਿੱਚ ਸੋਨੂੰ, ਬੂਟਾ ਸਿੰਘ ਪ੍ਰਧਾਨ ਐੱਫ.ਸੀ.ਆਈ., ਜੋਗਿੰਦਰ ਪਾਸਵਾਨ, ਲਖਨ, ਦੇਵੀ ਚੰਦ, ਰਾਜੇਸ਼, ਹੀਰਾ ਲਾਲ, ਸ਼ੰਕਰ ਰਾਵਤ, ਸੋਨੂੰ, ਸੰਜੀਵ ਕੁਮਾਰ, ਦੀਪਕ, ਬੰਟੀ, ਜੈਕਸ਼ਨ, ਸ਼ਬੀਲਾ ਪਾਸਵਾਨ, ਉਪੇਂਦਰ ਯਾਦਵ, ਵੀਨੇ ਪਾਸਵਾਨ, ਉਪੇਂਦਰ ਪਾਸਵਾਨ, ਕ੍ਰਿਸ਼ਨਾ, ਨੰਬਰੀ ਸਮੇਤ ਵੱਡੀ ਗਿਣਤੀ ਵਿੱਚ ਹੋਰ ਮੈਂਬਰ ਮੌਜੂਦ ਰਹੇ। ਇਸ ਦੌਰਾਨ ਪ੍ਰਬੰਧਕਾਂ ਨੇ ਛੱਠ ਮਹਾਪੁਰਬ ਨੂੰ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣ ਅਤੇ ਸ਼ਰਧਾਲੂਆਂ ਲਈ ਉਚਿਤ ਪ੍ਰਬੰਧ ਯਕੀਨੀ ਬਣਾਉਣ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਛੱਠ ਪੂਜਾ ਭਾਰਤੀ ਸੱਭਿਆਚਾਰ, ਲੋਕ ਆਸਥਾ ਅਤੇ ਕੁਦਰਤ ਪ੍ਰਤੀ ਸ਼ੁਕਰਾਨੇ ਦਾ ਪ੍ਰਤੀਕ ਹੈ, ਜਿਸ ਵਿੱਚ ਸ਼ਰਧਾਲੂ ਭਗਵਾਨ ਸੂਰਜ ਅਤੇ ਛੱਠੀ ਮਾਤਾ ਦੀ ਪੂਜਾ ਕਰਕੇ ਆਪਣੇ ਪਰਿਵਾਰ ਦੀ ਸੁੱਖ-ਸਮ੍ਰਿੱਧੀ ਅਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ।



ਭਾਜਪਾ ਬਾਬੈਨ ਮੰਡਲ ਦੀ ਮਾਸਿਕ ਇਕਤਰਤਾ ਵਿਚ ਸੰਗਠਨ ਨੂੰ ਮਜਬੂਤ ਕਰਨ ਤੇ ਚਰਚਾ ਕੀਤੀ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 2 ਨਵੰਬਰ

ਭਾਜਪਾ ਬਾਬੈਨ ਮੰਡਲ ਦੀ ਮਾਸਿਕ ਮੀਟਿੰਗ ਮੰਡਲ ਪ੍ਰਧਾਨ ਵਿਕਾਸ ਸ਼ਰਮਾ ਦੀ ਪ੍ਰਧਾਨਗੀ ਹੇਠ ਕਿਸਾਨ ਆਰਾਮ ਘਰ ਵਿਚ ਹੋਈ। ਜਿਸ ਵਿਚ ਪਾਰਟੀ ਸੰਗਠਨ,ਆਉਣ ਵਾਲੇ ਸਮਾਗਮਾਂ ਤੇ ਬੂਥ ਪੱਧਰ ਤੇ ਸੰਗਠਨਾਤਮਕ ਗਤੀ ਵਿਧੀਆਂ ਨੂੰ ਹੋਰ ਮਜਬੂਤ ਕਰਨ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਮੰਡਲ ਪ੍ਰਧਾਨ ਵਿਕਾਸ ਸ਼ਰਮਾ ਨੇ 5 ਨਵੰਬਰ ਨੂੰ ਅੰਬਾਲਾ ਛਾਉਣੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿਚ ਸ਼ਹੀਦੀ ਸਮਾਰਕ ਦੇ ਉਦਘਾਟਨ ਮੌਕੇ ਹੋਣ ਵਾਲੇ ਸੰਮੇਲਨ ਵਿਚ ਸਰਗਰਮੀ ਨਾਲ ਹਿੱਸਾ ਲੈਣ ਦਾ ਸੱਦਾ ਦਿੱਤਾ। ਉਨਾਂ ਵਰਕਰਾਂ ਨੂੰ ਇਸ ਸਮਾਗਮ ਦੀਆਂ ਤਿਆਰੀਆਂ ਲਈ ਤਾਲਮੇਲ ਬਨਾਉਣ ਤੇ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਨਾਉਣ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਹਰ ਪਾਰਟੀ ਵਰਕਰ ਸੰਗਠਨ ਨੂੰ ਮਜਬੂਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਲਈ ਬੂਥ ਪੱਧਰ ਤੇ ਸੰਗਠਨ ਨੂੰ ਮਜਬੂਤ ਪੱਧਰ ਤੇ ਸੰਗਠਨ ਨੂੰ ਸਰਗਰਮ ਕਰਨ ,ਵਰਕਰਾਂ ਨਾਲ ਨਿਰੰਤਰ ਸੰਪਰਕ ਬਣਾਈ ਰਖੱਣ ਤੇ ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਬਾਰੇ ਲੋਕਾਂ ਵਿਚ ਜਾਣਕਾਰੀ ਪਹੁੰਚਾਉਣ ਤੇ ਜੋਰ ਦਿੱਤਾ ਗਿਆ। ਮੀਟਿੰਗ ਵਿਚ ਪਾਰਟੀ ਤੇ ਸੰਗਠਨ ਨਾਲ ਸੰਬੰਧਿਤ ਮਿੱਦਿਆ ਤੇ ਵੀ ਚਰਚਾ ਕੀਤੀ ਗਈ। ਵਰਕਰਾਂ ਨੂੰ ਵਿਰੋਧੀ ਧਿਰ ਦੇ ਦੋਸ਼ਾਂ ਦਾ ਜੁਆਬ ਤੱਥਾਂ ਤੇ ਸਕਾਰਤ-ਮਕ ਗੱਲਬਾਤ ਰਾਹੀਂ ਦੇਣ ਤੇ ਪਾਰਟੀ ਦੀਆਂ ਨੀਤੀਆਂ ਤੇ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਲੋਕਾਂ ਤਕ ਪੁੱਜਦੀ ਕਰਨ ਲਈ ਕਿਹਾ। ਇਸ ਮੌਕੇ ਸੰਗਠਨ ਨੂੰ ਜਮੀਨੀ ਪੱਧਰ ਤੇ ਹੋਰ ਸਰਗਰਮ ਤੇ ਮਜਬੂਤ ਬਨਾਉਣ, ਪਾਰਟੀ ਦੀਆਂ ਗਤੀਵਿਧੀਆਂ, ਨੂੰ ਹਰ ਬੂਥ ਤਕ ਲਿਜਾਣ ਤੇ ਆਉਣ ਵਾਲੇ ਸਮਾਗਮਾਂ ਵਿਚ ਵਰਕਰਾ ਂਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਨਾਉਣ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਭਾਜਪਾ ਆਗੂ,ਅਨਿਲ ਟਾਟਕੀ, ਭੀਮ ਬੇਰਥਲਾ, ਰਿੰਕੂ ਕਸ਼ਯਭ,ਸੰਜੀਵ ਗੋਲਡੀ ਸਰਪੰਚ, ਸਤਬੀਰ ਮੰਗੋਲੀ , ਗੁਰਨਾਮ ਮੰਗੋਲੀ, ਗੁਰਵਿੰਦਰ ਨਿਰੰਕਾਰੀ,ਰਾਜ ਕੁਮਾਰ ਬੇਦੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਾਰਟੀ ਕਾਰਕੁੰਨ ਮੌਜੂਦ ਸਨ।



ਵਿਦਿਆਰਥੀਆਂ ਦੇ ਉਜਵੱਲ ਭਵਿੱਖ ਨੂੰ ਬਨਾਉਣ ਵਿਚ ਮਾਪੇ ਤੇ ਅਧਿਆਪਕ ਬਰਾਬਰ ਦੀ ਮਹੱਤਵਪੂਰਲ ਭੂਮਿਕਾ ਨਿਭਾਉਂਦੇ ਹਨ= ਭਰਤ ਸੈਣੀ

ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ 2 ਨਵੰਬਰ ਭਾਰਤ ਕਾਲਜ ਆਫ ਲਾਅ ਨੇ ਆਪਣੀ ਪਹਿਲੀ ਕਾਲਜ ਪੱਧਰੀ ਮਾਪੇ ਅਧਿਆਪਕ ਮੀਟਿੰਗ ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਇਸ ਮੀਟਿੰਗ ਦਾ ਉਦੇਸ਼ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜਾਰੀ ਵਿਚ ਸੁਧਾਰ ਕਰਨਾ, ਨੈਤਿਕ ਕਦਰਾਂ ਕੀਮਤਾਂ, ਅਨੁਸ਼ਾਸ਼ਨ,ਸ਼ਖਸ਼ੀਅਤ ਵਿਕਾਸ ਨੂੰ ਉਤਸ਼ਾਹਿਤ ਕਰਨਾ ਤੇ ਉਨਾਂ ਲਈ ਇਕ ਉਜਵੱਲ ਭਵਿੱਖ ਪੈਦਾ ਕਰਨਾ ਸੀ। ਮੀਟਿੰਗ ਦੌਰਾਨ ਮਾਂਪਿਆਂ ਨੂੰ ਵਿਦਿਆਰਥੀਆਂ ਦੀਆਂ ਪ੍ਰਗਤੀ ਰਿਪੋਰਟਾਂ,ਅਕਾਦਮਿਕ ਪ੍ਰਦਰਸ਼ਨ, ਹਾਜਰੀ ਤੇ ਵੱਖ ਵੱਖ ਕਾਲਜ ਗਤੀਵਿਧੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਮਾਪਿਆਂ ਨੂੰ ਕਾਲਜ ਦੀ ਲਾਇਬਰੇਰੀ , ਮੂਟ ਕੋਰਟ, ਕੰਪਿਊਟਰ ਲੈਬ ਤੇ ਹੋਰ ਵਿਦਿਅਕ ਸਹੂਲਤਾਂ ਦਾ ਦੌਰਾ ਵੀ ਕਰਾਇਆ ਗਿਆ ਤਾਂ ਜੋ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਪਹਿਲੀ ਸਮਝ ਪ੍ਰਾਪਤ ਕੀਤੀ ਜਾ ਸਕੇ। ਕਾਲਜ ਦੀ ਪ੍ਰਧਾਨ ਪ੍ਰੋ ਕੈਲਾਸ਼ੋ ਸੈਣੀ ਦੇ ਮਾਰਗਦਰਸ਼ਨ ਤੇ ਨਿਰੰਤਰ ਯਤਨਾਂ ਹੇਠ ਕਾਲਜ ਸਿੱਖਿਆ ਦੇ ਖੇਤਰ ਵਿਚ ਤਰੱਕੀ ਕਰ ਰਿਹਾ ਹੈ।



ਕਿਸਾਨ ਕ੍ਰੈਡਿਟ ਕਾਰਡ ਨੀਤੀ ਵਾਪਸ ਲੈਣ ਦੇ ਫੈਸਲੇ ਦਾ ਕਿਸਾਨਾਂ ਤੇ ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਨੇ ਕੀਤਾ ਸਵਾਗਤ

ਜੇਤੂ ਰੈਲੀ ਕਰਕੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਦੱਸਿਆ ਸੰਘਰਸ਼ ਦੀ ਜਿੱਤ

(ਅਸ਼ਵਨੀ ਸ਼ਰਮਾਂ)
ਅੰਮ੍ਰਿਤਸਰ

ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ’ਤੇ ਅੱਜ ਅੰਮ੍ਰਿਤਸਰ ਜ਼ਿਲ੍ਹੇ ਵਿੱਚ 100 ਫੁੱਟੀ ਸੜਕ ਸਥਿਤ ਡੀ.ਆਰ. ਕੋਆਪ੍ਰੇਟਿਵ ਸੋਸਾਇਟੀਆਂ ਦੇ ਦਫ਼ਤਰ ਅੱਗੇ ਕਿਸਾਨ ਕ੍ਰੈਡਿਟ ਕਾਰਡ (ਕੇ.ਸੀ.ਸੀ.) ਨੀਤੀ-2026 ਦੇ ਵਿਰੋਧ ਵਿੱਚ ਧਰਨਾ ਦਿੱਤਾ ਗਿਆ। ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਨੇ ਇਸ ਨੀਤੀ ਨੂੰ ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਦੇ ਹਿੱਤਾਂ ਦੇ ਵਿਰੁੱਧ ਕਰਾਰ ਦਿੰਦਿਆਂ ਮੰਗ ਪੱਤਰ ਡੀ.ਆਰ. ਦੀ ਗੈਰ-ਹਾਜ਼ਰੀ ਵਿੱਚ ਏ.ਆਰ. ਅਜਨਾਲਾ ਸ੍ਰੀ ਅਤਿੰਦਰਪਾਲ ਸਿੰਘ ਨੂੰ ਸੌਂਪਿਆ।



ਕਿਸਾਨਾਂ ਦੇ ਤਿੱਖੇ ਵਿਰੋਧ ਦੇ ਚੱਲਦਿਆਂ ਬੀਤੀ ਰਾਤ ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਦੀ ਸਹਿਕਾਰਤਾ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਸਰਕਾਰ ਵੱਲੋਂ ਇਸ ਨੀਤੀ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਦਾ ਸਵਾਗਤ ਕਰਦਿਆਂ ਅੱਜ ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਦੇ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ ’ਤੇ ਜੇਤੂ ਰੈਲੀ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਲੱਖਬੀਰ ਸਿੰਘ ਨਿਜ਼ਾਮਪੁਰ, ਸੁੱਚਾ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਹਰਜੀਤ ਸਿੰਘ ਝੀਤਾ ਅਤੇ ਮਾਸਟਰ ਅਮਰੀਕ ਸਿੰਘ ਸੰਗਤਪੁਰਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਲਗਾਤਾਰ ਸਹਿਕਾਰਤਾ ਲਹਿਰ ’ਤੇ ਮਾਰੂ ਹਮਲੇ ਕਰ ਰਹੀਆਂ ਹਨ ਅਤੇ ਕਿਸਾਨਾਂ ਨੂੰ ਪਹਿਲਾਂ ਤੋਂ ਮਿਲ ਰਹੀਆਂ ਸਹੂਲਤਾਂ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਮ ਕਿਸਾਨਾਂ ਨੂੰ ਸਹਿਕਾਰਤਾ ਲਹਿਰ ਨਾਲ ਜੋੜਨ ਦੀ ਬਜਾਏ ਇਸ ਨੂੰ ਅਫ਼ਸਰਸ਼ਾਹੀ ਦੇ ਹਵਾਲੇ ਕਰਕੇ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਬੰਦ ਪਈਆਂ ਡਿਫਾਲਟਰ ਸਹਿਕਾਰੀ ਸਭਾਵਾਂ ਨੂੰ ਮੁੜ ਚਾਲੂ ਕੀਤਾ ਜਾਵੇ ਅਤੇ ਇਨ੍ਹਾਂ ਦੇ ਬੰਦ ਹੋਣ ਲਈ ਜ਼ਿੰਮੇਵਾਰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਪਿਛਲੇ ਸਾਲ ਜ਼ਿਲ੍ਹੇ ਵਿੱਚ ਫੜੀਆਂ ਗਈਆਂ 600 ਬੋਰੀਆਂ ਯੂਰੀਆ ਖਾਦ ਅਤੇ ਹੁਣ ਇੱਕ ਨਿੱਜੀ ਗੋਦਾਮ ਵਿੱਚੋਂ ਬਰਾਮਦ ਹੋਈਆਂ 3300 ਬੋਰੀਆਂ ਯੂਰੀਆ ਖਾਦ ਦੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਵੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਸਲ ਦੋਸ਼ੀਆਂ ਨੂੰ ਬੇਨਕਾਬ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਕਿਸਾਨ ਆਗੂ ਰਤਨ ਸਿੰਘ ਰੰਧਾਵਾ, ਭੁਪਿੰਦਰ ਸਿੰਘ ਤੀਰਥਪੁਰ, ਦਲਬੀਰ ਸਿੰਘ ਬੇਦਾਦਪੁਰ, ਸਵਿੰਦਰ ਸਿੰਘ ਮੀਰਾਂਕੋਟ, ਮੁਲਾਜ਼ਮ ਆਗੂ ਹਰਪਾਲ ਸਿੰਘ ਥੋਬਾ, ਅਜੀਤ ਸਿੰਘ ਤਲਵੰਡੀ, ਰਾਜਬੀਰ ਸਿੰਘ ਫਤਿਹਪੁਰ, ਸਰਬਜੀਤ ਸਿੰਘ ਗਦਲੀ ਅਤੇ ਭੁਪਿੰਦਰ ਸਿੰਘ ਬਾਲੀਆ ਸਮੇਤ ਹੋਰ ਕਿਸਾਨ ਅਤੇ ਮੁਲਾਜ਼ਮ ਹਾਜ਼ਰ ਸਨ।

ਰਤਨਾਵਲੀ ਮਹੋਤਸਵ ਦੁਨੀਆਂ ਭਰ ਵਿਚ ਹਰਿਆਨਾ ਦੇ ਸਭਿਆਚਾਰ ਤੇ ਪ੍ਰਿਤਭਾ ਨੂੰ ਮਾਨਤਾ ਦੇ ਰਿਹਾ ਹੈ= ਕ੍ਰਿਸ਼ਨ ਕੁਮਾਰ ਬੇਦੀ

ਹਰਿਆਣਵੀ ਸਭਿਆਚਾਰ ਤੇ ਉਸ ਦੀਆਂ ਜੜਾਂ ਨਾਲ ਜੁੜ ਕੇ ਹੀ ਨੌਜਆਨ ਆਪਣੀ ਵਿਲੱਖਣ ਪਛਾਣ ਬਣਾ ਸਕਦੇ ਹਨ = ਪ੍ਰੋ ਸੋਮ ਨਾਥ ਸਚਦੇਵਾ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 2 ਨਵੰਬਰ

ਹਰਿਆਣਾ ਦਿਵਸ ਸ਼ਾਨਦਾਰ ਸਭਿਆਚਾਰ,ਪਰੰਪਰਾਵਾਂ ਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਦਾ ਇਕ ਪਵਿੱਤਰ ਮੌਕਾ ਹੈ। ਇਹ ਦਿਨ ਕੁਰੁਕਸ਼ੇਤਰ ਯੂਨੀਵਰਸਿਟੀ ਲਈ ਵੀ ਵਿਸ਼ੇਸ਼ ਮਹੱਤਵ ਰਖੱਦਾ ਹੈ ਕਿਉਂਕਿ ਦੇਸ਼ ਦੀ ਰਾਸ਼ਟਰਪਤੀ ਸ਼੍ਰੀ ਮਤੀ ਦਰੋਪਦੀ ਮੁਰਮੂ, ਰਾਜ ਪਾਲ ਪ੍ਰੋ ਅਸੀਮ ਕੁਮਾਰ ਘੋਸ਼, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਇਸ ਪਵਿੱਤਰ ਧਰਤੀ ਤੋਂ ਸੂਬੇ ਦੇ ਲੋਕਾਂ ਨੂੰ ਸੰਬੋਧਨ ਕੀਤਾ। ਅਜੇਹੇ ਇਤਿਹਾਸਕ ਮੌਕੇ ਬਹੁਤ ਘੱਟ ਮਿਲਦੇ ਹਨ। ਇਹ ਵਿਚਾਰ ਹਰਿਆਣਾ ਦੇ ਸਮਾਜਿਕ ਨਿਆਂ ਤੇ ਸਸ਼ਕਤੀਕਰਣ ਮੰਤਰੀ ਕ੍ਰਿਸ਼ਨ ਬੇਦੀ ਨੇ ਬੀਤੇ ਦਿਨ ਕੁਰੁਕਸ਼ੇਤਰ ਯੂਨੀਵਰਸਿਟੀ ਦੇ ਆਡੀਟੋਰੀਅਮ ਵਿਚ ਵਾਈਸ ਚਾਂਸਲਰ ਪ੍ਰੋ ਸੋਮ ਨਾਥ ਸਚਦੇਵਾ ਦੀ ਅਗਵਾਈ ਹੇਠ ਯੁਵਾ ਤੇ ਸਭਿਆਚਾਰਕ ਪ੍ਰੋਗਰਾਮ ਵਿਭਾਗ ਵਲੋਂ ਆਯੋਜਿਤ ਚਾਰ ਰੋਜਾ ਸੂਬਾ ਪੱਧਰੀ ਰਤਨਾਵਲੀ ਉਤਸਵ ਦੇ ਉਦਘਾਟਨ ਮੌਕੇ ਬਤੌਰ ਮੁੱਖ ਮਹਿਮਾਨ ਪ੍ਰਗਟ ਕੀਤੇ। ਯੂਨੀਵ-ਰਸਿਟੀ ਪੁੱਜਣ ਤੇ ਉਨਾਂ ਦਾ ਢੋਲ ਤੇ ਹਰਿਆਣਵੀ ਲੋਕ ਧੁਨਾਂ ਨਾਲ ਸੁਆਗਤ ਕੀਤਾ ਗਿਆ। ਇਸ ਤੋਂ ਬਾਅਦ ਸਾਰੇ ਮਹਿਮਾਨਾਂ ਨੇ ਰਤਨਾਵਲੀ ਕਰਾਫਟ ਮੇਲੇ ਦਾ ਦੌਰਾ ਕੀਤਾ। ਸਮਾਰੋਹ ਵਿਚ ਵਿਦਿਆਰਥੀਆਂ ਨੇ ਲੂਰ ਤੇ ਰਸੀਆ ਦੇ ਮਨਮੋਹਕ ਪ੍ਰਦਰਸ਼ਨ ਕੀਤੇ। ਕੈਬਨਿਟ ਮੰਤਰੀ ਕ੍ਰਿਸ਼ਨ ਬੇਦੀ ਨੇ ਕਿਹਾ ਕਿ ਹਰਿਆਣਾ ਦੀ ਪਛਾਣ ਇਸ ਦੀ ਲੋਕ ਸੰਸਕ੍ਰਿਤੀ ,ਲੋਕ ਪਰੰਪਰਾਵਾਂ , ਉਤਸ਼ਾਹ ਤੇ ਜੀਵੰਤ ਜੀਵਨ ਸ਼ੈਲੀ ਤੋਂ ਹੁੰਦੀ ਹੈ। ਰਤਨਾਵਲੀ ਤਿਉਹਾਰ ਸੂਬੇ ਦੀ ਇਸ ਸਭਿਆਚਾਰਕ ਵਿਰਾਸਤ ਨੂੰ ਸੁਰਖਿੱਅਤ ਰਖੱਣ ਤੇ ਇਸ ਨੂੰ ਨਵੀਂ ਪੀੜੀ ਤਕ ਪਹੁੰਚਾਉਣ ਲਈ ਇਕ ਮਹੱਤਵਪੂਰਨ ਪਲੇਟਫਾਰਮ ਹੈ। ਬੇਦੀ ਨੇ ਕਿਹਾ ਕਿ ਸੂਬਾ ਸਰਕਾਰ ਨੌਜੁਆਨਾਂ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਤੇ ਉਨਾਂ ਨੂੰ ਤਰੱਕੀ ਦੇ ਮੌਕੇ ਪ੍ਰਦਾਨ ਕਰਨ ਲਈ ਲਗਾਤਾਰ ਨਵੀਆਂ ਯੋਜਨਾਵਾਂ ਤੇ ਪ੍ਰੋਗਰਾਮ ਲਾਗੂ ਕਰ ਰਹੀ ਹੈ। ਰਤਨਾਵਲੀ ਵਰਗੇ ਸਭਿਆਚਾਰਕ ਸਮਾਗਮ ਨੌਜੁਆਨਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ , ਆਤਮ ਵਿਸ਼ਵਾਸ਼ ਪੈਦਾ ਕਰਨ ਤੇ ਆਪਣੀਆਂ ਸਭਿਆਚਾਰਕ ਜੜਾਂ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦੇ ਹਨ। ਉਨਾਂ ਕਿਹਾ ਕਿ ਯੂਨੀਵਰਸਿਟੀ ਨੇ ਨੈਕ ਤੋਂ ਏ ਪਲੱਸ ਪਲੱਸ ਗਰੇਡ ਪ੍ਰਾਪਤ ਕਰਕੇ ਸੂਬੇ ਵਿਚ ਆਪਣੀ ਵਿਲਖੱਣ ਪਛਾਣ ਬਣਾਈ ਹੈ ਉਨਾਂ ਨੇ ਇਸ ਲਈ ਯੂਨੀਵਰਸਿਟੀ ਪ੍ਰਸ਼ਾਸ਼ਨ ਨੂੰ ਵਧਾਈ ਦਿੱਤੀ। ਵਾਈਸ ਚਾਂਸਲਰ ਪ੍ਰੋ ਸੋਮ ਨਾਥ ਸਚਦੇਵਾ ਨੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਰਤਨਾਵਲੀ ਸਿਰਫ ਇਕ ਸਭਿਆਚਾਰ ਜਸ਼ਨ ਨਹੀਂ ਹੈ ਸਗੋਂ ਨੌਜੁਆਨਾਂ ਦੀ ਪ੍ਰਤਿਭਾ ਨੂੰ ਨਿਖਾਰਨ, ਉਨਾਂ ਦੀ ਸਿਰਜਣਾਤ-ਮਕਤਾ ਨੂੰ ਪ੍ਰਗਟ ਕਰਨ ਤੇ ਉਨਾਂ ਦੀ ਕਲਾ ਨੂੰ ਪ੍ਰਦਸ਼ਿਤ ਕਰਨ ਲਈ ਇਕ ਸ਼ਕਤੀਸ਼ਾਲੀ ਪਲੇਟਫਾਰਮ ਹੈ। ਉਨਾਂ ਵਿਦਿਆਰਥੀਆਂ ਨੂੰ ਕਿਹਾ ਕਿ ਆਧੁਨਿਕਤਾ ਤੇ ਬਦਲਦੀ ਦੁਨੀਆਂ ਸਾਨੂੰ ਤਰੱਕੀ ਦੇ ਨਵੇਂ ਮੌਕੇ ਪ੍ਰਦਾਨ ਕਰਦੀ ਹੈ ਪਰ ਸਾਡੀ ਸੰਸਕ੍ਰਿਤੀ ਤੇ ਸਭਿਆਚਾਰਕ ਵਿਰਾਸਤ ਸਾਨੂੰ ਆਪਣੀਆਂ ਜੜਾਂ ਨਾਲ ਜੋੜਦੀ ਹੈ ਤੇ ਸਮਾਜ ਵਿਚ ਇਕ ਵਿਲੱਖਣ ਪਛਾਣ ਦਿੰਦੀ ਹੈ। ਉਨਾਂ ਕਿਹਾ ਕਿ ਹਰੇਕ ਨੌਜੁਆਨ ਦੀ ਜਿੰਮੇਵਾਰੀ ਹੈ ਕਿ ਉਹ ਆਪਣੀ ਭਾਸ਼ਾ,ਲੋਕ ਕਲਾ,ਪਰੰਪ-ਰਾਵਾਂ ਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਸੁਰਿੱਖਅਤ ਰੱਖੇ।

ਉਨਾਂ ਨੇ ਰਤਨਵਾਲੀ ਰਾਹੀਂ ਨੌਜੁਆਨਾਂ ਨੂੰ ਨਵੀਂ ਪੀੜੀ ਤਕ ਹਰਿਆਣਵੀ ਸਭਿਆਚਾਰ ਨੂੰ ਪਹੁੰਚਾਉਣ ਦਾ ਸੱਦਾ ਦਿੱਤਾ। ਉਨਾਂ ਕਿਹਾ ਕਿ ਆਪਣੀ ਪ੍ਰਤਿਭਾ ਰਾਹੀਂ ਨੌਜੁਆਨਾਂ ਨੂੰ ਸੂਬੇ ਦੀ ਲੋਕ ਕਲਾ,ਲੋਕ ਸੰਗੀਤ, ਲੋਕ ਨਾਚ ਤੇ ਸਭਿਆਚਾਰਕ ਵਿਰਾਸਤ ਨੂੰ ਦੇਸ਼ ਤੇ ਦੁਨੀਆਂ ਵਿਚ ਉਤਸ਼ਾਹਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਐਨ ਆਈ ਟੀ ਦੇ ਡਾਇਰੈਕਟਰ ਬ੍ਰਹਮਜੀਤ, ਡਾ ਮਮਤਾ ਸਚਦੇਵਾ, ਡਾ ਵਰਿੰਦਰ ਪਾਲ, ਭਾਜਪਾ ਆਗੂ ਰਮੇਸ਼ ਸੈਣੀ, ਗੁਰਦਿਆਲ ਸਨੇਹੜੀ,ਸੁਰਜੀਤ ਕੌਰ। ਡਾ ਰਮਨ ਨਿਰਮਲ, ਰਾਮ ਚੰਦਰ ਸੈਣੀ ਲੋਕ ਸੰਪਰਕ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ ਜਿੰਮੀ ਸ਼ਰਮਾ, ਡਾ ਸਲੋਨੀ,ਪੀ ਦੀਵਾਨ, ਡਾ ਹਰਵਿੰਦਰ ਰਾਣਾ ਸਣੇ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।

ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਦੀਆਂ ਮਨਦੀਪ ਚੱਠਾ ਨੇ ਦਿੱਤੀਆਂ ਲੱਖ-ਲੱਖ ਵਧਾਈਆਂ

ਸੁਖਵਿੰਦਰ ਸੋਹੀ
ਪਿਹੋਵਾ

ਅੱਠਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪਾਵਨ ਗੁਰਗੱਦੀ ਦਿਵਸ ਮੌਕੇ ਪਿਹੋਵਾ ਦੇ ਵਿਧਾਇਕ ਮਨਦੀਪ ਚੱਠਾ ਨੇ ਸਮੂਹ ਸਾਧ-ਸੰਗਤ ਅਤੇ ਸਿੱਖ ਭਾਈਚਾਰੇ ਨੂੰ ਲੱਖ-ਲੱਖ ਵਧਾਈਆਂ ਅਤੇ ਹਾਰਦਿਕ ਸ਼ੁਭਕਾ-ਮਨਾਵਾਂ ਦਿੱਤੀਆਂ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨਾਂ ਵਿੱਚ ਕੋਟਿ-ਕੋਟਿ ਨਮਨ ਕਰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਇਸ ਪਾਵਨ ਮੌਕੇ ਵਿਧਾਇਕ ਮਨਦੀਪ ਚੱਠਾ ਨੇ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜੀਵਨ ਸੇਵਾ, ਨਿਮਰਤਾ, ਦਇਆ, ਪਰਉਪਕਾਰ ਅਤੇ ਮਨੁੱਖਤਾ ਦੀ ਭਲਾਈ ਦਾ ਮਹਾਨ ਸੰਦੇਸ਼ ਦਿੰਦਾ ਹੈ। ਗੁਰੂ ਸਾਹਿਬ ਜੀ ਨੇ ਛੋਟੀ ਉਮਰ ਵਿੱਚ ਹੀ ਆਪਣੀ ਮਹਾਨ ਸ਼ਖ਼ਸੀਅਤ, ਅਧਿਆਤਮਿਕ ਗਿਆਨ ਅਤੇ ਮਨੁੱਖਤਾ ਪ੍ਰਤੀ ਸਮਰਪਣ ਨਾਲ ਦੁਨੀਆ ਨੂੰ ਸੇਵਾ ਅਤੇ ਸਿਮਰਨ ਦਾ ਰਾਹ ਦਿਖਾਇਆ।



ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਸਾਨੂੰ ਗੁਰੂ ਸਾਹਿਬ ਜੀ ਵੱਲੋਂ ਦਰਸਾਏ ਮਾਰਗ ’ਤੇ ਚੱਲਦਿਆਂ ਸਮਾਜ ਵਿੱਚ ਆਪਸੀ ਭਾਈਚਾਰਾ, ਪਿਆਰ, ਸਦਭਾਵਨਾ ਅਤੇ ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਦਾ ਸਰੋਤ ਹਨ।

ਵਿਧਾਇਕ ਨੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਜੀ ਦੀ ਅਪਾਰ ਮਿਹਰ ਅਤੇ ਕਿਰਪਾ ਸਮੁੱਚੀ ਸੰਗਤ ਉੱਤੇ ਹਮੇਸ਼ਾ ਬਣੀ ਰਹੇ ਅਤੇ ਹਰ ਘਰ ਵਿੱਚ ਸੁੱਖ, ਸ਼ਾਂਤੀ, ਖੁਸ਼ਹਾਲੀ ਅਤੇ ਸਰਬੱਤ ਦੇ ਭਲੇ ਦੀ ਭਾਵਨਾ ਕਾਇਮ ਰਹੇ।

ਅੰਤ ਵਿੱਚ ਉਨ੍ਹਾਂ ਨੇ ਸੰਗਤ ਨੂੰ ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਅਪੀਲ ਕੀਤੀ।

ਸਾਂਝੀ ਖ਼ਬਰ
ਮੰਗਲਵਾਰ , 03 ਅਕਤੂਬਰ 2026

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲੀ ਪ੍ਰਭਾਤ ਫੇਰੀ ਕਿਲਾ ਸਿੱਖਾਂ ਪੁੱਜੀ

ਸਾਂਝੀ ਖ਼ਬਰ

ਸ਼ਾਹਬਾਦ
ਮਾਰਕੰਡਾ 2 ਨਵੰਬਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲੀ ਪ੍ਰਭਾਤ ਫੇਰੀ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਤੋ ਨਿਸ਼ਾਨ ਸਾਹਿਬ ਜੀ ਦੀ ਅਗਵਾਈ ਵਿਚ ਚਲ ਕੇ ਕਿਲਾ ਸਿੱਖਾਂ ਪੁੱਜੀ। ਇਹ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਨਰਿੰਦਰ ਸਿੰਘ ਇੰਿਭੰਡਰ ਨੇ ਦਿੱਸਆ ਕਿ ਅੱਜ ਸਵੇਰੇ ਗੁਰਦੁਆਰਾ ਸਾਹਿਬ ਵਿਚ ਸਰਬਤ ਦੇ ਭਲੇ ਲਈ ਅਰਦਾਸ ਕਰਨ ਉਪਰੰਤ ਹੁਕਮਨਾਮਾ ਲੈਣ ਤੋਂ ਬਾਅਦ ਸ੍ਰੀ ਨਿਸ਼ਾਨ ਸਾਹਿਬ ਦੀ ਅਗਵਾਈ ਵਿਚ ਸੰਗਤਾਂ ਸ਼ਬਦ ਬਾਣੀ ਦਾ ਗਾਇਨ ਕਰਦੀਆਂ ਵੱਖ ਵੱਖ ਗਲੀਆਂ ਮੁਹੱਲਿਆਂ ਤੋਂ ਹੁੰਦੀਆਂ ਹੋਈਆ ਕਿਲਾ ਵਾਸੀਆਂ



ਦੇ ਸੱਦੇ ਤੇ ਗੁਰਦੁਆਰ ਲਾਹੌਰੀ ਗੇਟ ਕਿਲਾ ਸਿੱਖਾਂ ਪੁੱਜੀਆਂ । ਜਿਥੇ ਪ੍ਰਬੰਧਕਾਂ ਵਲੋਂ ਆਈਆਂ ਸੰਗਤਾਂ ਦਾ ਫੁੱਲਾਂ ਦੀ ਵਰਖਾ ਕਰ ਭਰਵਾਂ ਸੁਆਗਤ ਕੀਤਾ ਗਿਆ। ਨੌਜੁਆਨ ਸ਼ਬਦੀ ਜਥੇ ਦੇ ਵੀਰਾਂ ਤੇ ਇਸਤਰੀ ਸਤਸੰਗਿ ਸਭਾ ਦੀਆਂ ਭੈਣਾਂ ਨੇ ਸ਼ਬਦ ਬਾਣੀ ਰਾਹੀਂ ਹਾਜਰੀ ਲੁਆਈ। ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਦੇ ਹਜੂਰੀ ਰਾਗੀ ਭਾਈ ਪਰਮਜੀਤ ਸਿੰਘ ਨੇ ਸੰਗਤਾਂ ਨੂੰ ਰਸ ਭਿੰਨਾ ਕੀਰਤਨ ਸੁਣਾ ਕੇ ਨਿਹਾਲ ਕੀਤਾ।ਪੰਥ ਪ੍ਰਸਿੱਧ ਵਿਦਵਾਨ ਗਿਆਨੀ ਸਾਹਿਬ ਸਿੰਘ ਜੀ ਨੇ ਸੰਗਤਾਂ ਨੂੰ ਕਥਾ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਵਿਸਤਾਰਪੂਰਵਕ ਸੁਣਾ ਕੇ ਗੁਰੂ ਦੀ ਮਹਿਮਾ ਕੀਤੀ। ਸਟੇਜ ਸੱਕਤਰ ਦੀ ਸੇਵਾ ਕਰਦਿਆਂ ਸਕੱਤਰ ਨਰਿੰਦਰ ਸਿੰਘ ਇੰਿਭੰਡਰ ਨੇ ਸੰਗਤਾਂ ਨੂੰ ਗੁਰਬਾਣੀ ਪੜਨ ਤੇ ਅੰਿ੍ਮਤ ਦੀ ਪਾਹੁਲ ਛਕੱਣ ਲਈ ਪ੍ਰੇਰਿਆ। ਉਨਾਂ ਨੇ ਸੰਗਤਾਂ ਨੂੰ ਆਪਣੇ ਘਰਾਂ ਵਿਚ ਬਚਿੱਆਂ ਨਾਲ ਪੰਜਾਬੀ ਭਾਸ਼ਾ ਵਿਚ ਗੱਲਬਾਤ ਕਰਨ ਤੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਪੜਾਉਣ ਦੀ ਅਪੀਲ ਕੀਤੀ ਤਾਂ ਜੋ ਸਾਡੀ ਆਉਣ ਵਾਲੀ ਪੀੜੀ ਆਪਣੀ ਭਾਸ਼ਾ ਨਾਲ ਜੁੜੀ ਰਹੇ । ਉਨਾਂ ਕਿਹਾ ਕਿ ਕੱਲ ਦੀ ਦੂਜੀ ਪ੍ਰਭਾਤ ਫੇਰੀ ਗੁਰਦੁਆਰਾ ਨਾਨਕ ਝੀਰਾ ਸਾਹਿਬ ਦੀਆਂ ਸੰਗਤਾਂ ਦੇ ਸੱਦੇ ਤੇ ਉਥੇ ਪੁੱਜੇਗੀ

ਆਯੋਜਕਾਂ ਵਲੋਂ ਆਈਆਂ ਸੰਗਤਾਂ ਲਈ ਬਰੈਡ ਪਕੌੜਿਆਂ ਤੇ ਚਾਹ ਦੇ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਭਗਵੰਤ ਸਿੰਘ ਖਾਲਸਾ, ਨਰਿੰਦਰ ਸਿੰਘ ਸਲੈਚ, ਐਡਵੋਕੇਟ ਇੰਦਰਜੀਤ ਸਿੰਘ ਕੋਹਲੀ, ਜਗਜੀਤ ਸਿੰਘ ਮੱਕੜ, ਮਹਿੰਦਰ ਜੀਤ ਸਿੰਘ ਅਕਾਲੀ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।

ਦਾਦਾ ਜੀ ਦੀ ਉਂਗਲ ਫੜ ਕੇ ਮੈਂ ਵੀ ਮਾਰਨਿੰਗ ਵਾਕਰ ਕਲੱਬ ਆਇਆ ਕਰਦਾ ਸੀ : ਕੈਬਨਿਟ ਮੰਤਰੀ

ਸਾਂਝੀ ਖ਼ਬਰ

ਮਾਰਨਿੰਗ ਵਾਕਰ ਕਲੱਬ ਦੇ ਮੈਂਬਰਾਂ ਨੇ ਕੀਤਾ ਨਿੱਘਾ ਸਵਾਗਤ, ਕਲੱਬ ਦੀ ਸਪੈਸ਼ਲ ਚਾਹ ਦੀਆਂ ਚੁਸਕੀਆਂ ਦਾ ਵੀ ਲਿਆ ਆਨੰਦ*



ਜਸਵੀਰ ਸਿੰਘ ਮਣਕੂ
ਖੰਨਾ, 2 ਨਵੰਬਰ

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਤਰਨਪ੍ਰੀਤ ਸਿੰਘ ਸੌਂਦ ਨੇ ਮਾਰਨਿੰਗ ਵਾਕਰ ਕਲੱਬ ਦਾ ਵਿਸ਼ੇਸ਼ ਦੌਰਾ ਕੀਤਾ। ਇਸ ਮੌਕੇ ਕਲੱਬ ਦੇ ਮੈਂਬਰਾਂ ਵੱਲੋਂ ਉਨ੍ਹਾਂ ਦਾ ਬੜੇ ਪਿਆਰ ਅਤੇ ਸਤਿਕਾਰ ਨਾਲ ਨਿੱਘਾ ਸਵਾਗਤ ਕੀਤਾ ਗਿਆ। ਮੁਲਾਕਾਤ ਦੌਰਾਨ ਮੰਤਰੀ ਸੌਂਦ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਗੁਆਚੇ ਨਜ਼ਰ ਆਏ ਅਤੇ ਉਨ੍ਹਾਂ ਨੇ ਕਲੱਬ ਦੇ ਮੈਂਬਰਾਂ ਨਾਲ ਪੁਰਾਣੇ ਸਮੇਂ ਦੀਆਂ ਕਈ ਯਾਦਾਂ ਸਾਂਝੀਆਂ ਕੀਤੀਆਂ।

ਇਸ ਮੌਕੇ ਭਾਵੁਕ ਹੁੰਦਿਆਂ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਉਹ ਆਪਣੇ ਦਾਦਾ ਜੀ ਦੀ ਉਂਗਲ ਫੜ ਕੇ ਵੀ ਇਸ ਕਲੱਬ ਵਿੱਚ ਆਇਆ ਕਰਦੇ ਸਨ। ਅੱਜ ਇੱਥੇ ਆ ਕੇ ਬਚਪਨ ਦੀਆਂ ਉਹ ਪਿਆਰੀਆਂ ਯਾਦਾਂ ਮੁੜ ਤਾਜ਼ਾ ਹੋ ਗਈਆਂ ਹਨ। ਉਨ੍ਹਾਂ ਨੇ ਕਲੱਬ ਦੇ ਮੈਂਬਰਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਉਨ੍ਹਾਂ ਵਿਚਕਾਰ ਬੈਠ ਕੇ ਕਲੱਬ ਦੀ ਖ਼ਾਸ ਚਾਹ ਦੀਆਂ ਚੁਸਕੀਆਂ ਦਾ ਆਨੰਦ ਵੀ ਮਾਣਿਆ।

ਜ਼ਿਕਰਯੋਗ ਹੈ ਕਿ ਮਾਰਨਿੰਗ ਵਾਕਰ ਕਲੱਬ ਸਿਰਫ਼ ਸੈਰ ਕਰਨ ਵਾਲਿਆਂ ਦਾ ਸਮੂਹ ਨਹੀਂ, ਸਗੋਂ ਪਿਆਰ, ਦੋਸਤੀ, ਹਾਸੇ-ਮਜ਼ਾਕ ਅਤੇ ਆਪਸੀ ਭਾਈਚਾਰੇ ਨਾਲ ਜੁੜਿਆ ਇੱਕ ਖੂਬਸੂਰਤ ਪਰਿਵਾਰ ਹੈ। ਕਲੱਬ ਦੇ ਸਾਰੇ ਮੈਂਬਰ 60 ਸਾਲ ਤੋਂ ਵੱਧ ਉਮਰ ਦੇ ਹਨ, ਪਰ ਉਨ੍ਹਾਂ ਦਾ ਜੋਸ਼ ਅਤੇ ਜ਼ਿੰਦਗੀ ਜਿਊਣ ਦਾ ਅੰਦਾਜ਼ ਨੌਜਵਾਨਾਂ ਲਈ ਵੀ ਪ੍ਰੇਰਨਾਦਾਇਕ ਹੈ। ਸਾਰੇ ਮੈਂਬਰ ਆਪਣੀ ਜ਼ਿੰਦਗੀ ਖੁਸ਼ੀਆਂ, ਹਾਸੇ-ਮਜ਼ਾਕ ਅਤੇ ਚੜ੍ਹਦੀ ਕਲਾ ਨਾਲ ਬਤੀਤ ਕਰ ਰਹੇ ਹਨ।

ਕਲੱਬ ਦੀ ਰੋਜ਼ਾਨਾ ਦੀ ਦਿਨਚਰਿਆ ਵੀ ਕਾਫ਼ੀ ਦਿਲਚਸਪ ਹੈ। ਸਵੇਰੇ ਕਰੀਬ 6 ਵੱਜ ਕੇ 20 ਮਿੰਟ 'ਤੇ ਸੈਰ ਕਰਨ ਤੋਂ ਬਾਅਦ ਸਾਰੇ ਮੈਂਬਰ ਇਕੱਠੇ ਬੈਠਦੇ ਹਨ ਅਤੇ ਚਾਹ-ਪਾਣੀ ਦੇ ਨਾਲ ਗੱਲਬਾਤ, ਹਾਸੇ-ਮਜ਼ਾਕ ਅਤੇ ਆਪਣੇ ਤਜਰਬੇ ਸਾਂਝੇ ਕਰਦੇ ਹਨ। ਉਨ੍ਹਾਂ ਦੀ ਇਹ ਨਿਯਮਤ ਮਿਲਣੀ ਨਾ ਸਿਰਫ਼ ਸਰੀਰਕ ਸਿਹਤ, ਸਗੋਂ ਮਾਨਸਿਕ ਖੁਸ਼ੀ ਅਤੇ ਸਮਾਜਿਕ ਸਾਂਝ ਦਾ ਵੀ ਸਾਧਨ ਬਣੀ ਹੋਈ ਹੈ।

ਮਾਰਨਿੰਗ ਵਾਕਰ ਕਲੱਬ ਦੇ ਪ੍ਰਧਾਨ ਗੁਰਵੀਰ ਸਿੰਘ ਸੇਖੋਂ ਅਤੇ ਸਮੂਹ ਮੈਂਬਰਾਂ ਨੇ ਕੈਬਨਿਟ ਮੰਤਰੀ ਸੌਂਦ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਆਪਣੇ ਪੁਰਾਣੇ ਸਮੇਂ ਅਤੇ ਯਾਦਾਂ ਨਾਲ ਜੁੜੇ ਇਸ ਸਥਾਨ 'ਤੇ ਪਹੁੰਚਣਾ ਕਲੱਬ ਲਈ ਬੇਹੱਦ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ।

ਇਹ ਮੈਂਬਰ ਰਹੇ ਮੌਜੂਦ: ਮਾਰਨਿੰਗ ਵਾਕਰ ਕਲੱਬ ਦੇ ਪ੍ਰਧਾਨ ਗੁਰਵੀਰ ਸਿੰਘ ਸੇਖੋਂ ਤੋਂ ਇਲਾਵਾ ਰਾਜ ਕੁਮਾਰ ਮੈਹਰੋ, ਅਮਰੀਕ ਸਿੰਘ ਭੱਟੀ, ਅਮਰੀਸ਼ ਮਿੱਤਲ, ਬਲਦੇਵ ਸਿੰਘ, ਗੁਰਮੀਤ ਸਿੰਘ, ਪ੍ਰਿੰਸੀਪਲ ਮੋਹਨ ਸਿੰਘ, ਫੋਰਮੈਨ ਸੋਹਨ ਲਾਲ, ਦਰਸ਼ਨ ਸੋਮਲ, ਜਰਨੈਲ ਸਿੰਘ, ਕੇ. ਦੀਪ ਸਿੰਘ ਅਤੇ ਪਰਮਿੰਦਰ ਸਿੰਘ ਹਾਜ਼ਰ ਰਹੇ।

ਇਸ ਮੌਕੇ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੇ ਨਾਲ ਆਮ ਆਦਮੀ ਪਾਰਟੀ ਦੀ ਟੀਮ ਵਿੱਚ ਨਗਰ ਕੌਂਸਲ ਖੰਨਾ ਦੇ ਪ੍ਰਧਾਨ ਜਤਿੰਦਰ ਪਾਠਕ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਗੁਪਤਾ, ਮੀਤ ਪ੍ਰਧਾਨ ਕਰਮਜੀਤ ਸਿਫ਼ਤੀ, ਓਐਸਡੀ ਕਰਨ ਅਰੋੜਾ, ਐਡਵੋਕੇਟ ਮਨਰੀਤ ਸਿੰਘ ਨਾਗਰਾ, ਪੀਏ ਮਹੇਸ਼ ਕੁਮਾਰ, ਦਫ਼ਤਰ ਇੰਚਾਰਜ ਪੁਨੀਤ ਖੱਟਰ, ਬਲਾਕ ਸੰਮਤੀ ਖੰਨਾ ਦੇ ਚੇਅਰਮੈਨ ਲਖਵੀਰ ਸਿੰਘ ਗਿੱਲ, ਸੀਨੀਅਰ ਆਗੂ ਵਿਕਾਸ ਅਗਰਵਾਲ, ਲਵਲੇਸ਼ ਅਰੋੜਾ, ਕੌਂਸਲਰ ਨਿਸ਼ੂ ਕਪਿਲਾ, ਰੋਹਿਤ ਅਗਰਵਾਲ, ਅਮਰਜੀਤ ਸਿੰਘ, ਪ੍ਰਭਜੀਤ ਸਿੰਘ, ਦਰਸ਼ਨ ਸਿੰਘ, ਕੌਂਸਲਰ ਮਨੀ ਸ਼ਰਮਾ ਅਤੇ ਮਾਰਕੀਟ ਕਮੇਟੀ ਖੰਨਾ ਦੇ ਚੇਅਰਮੈਨ ਜਗਤਾਰ ਸਿੰਘ ਸਮੇਤ ਹੋਰ ਪਤਵੰਤੇ ਸੱਜਣ ਮੌਜੂਦ ਰਹੇ।

ਇਹ ਮੁਲਾਕਾਤ ਸਿਰਫ਼ ਇੱਕ ਰਸਮੀ ਦੌਰਾ ਨਹੀਂ, ਸਗੋਂ ਬਚਪਨ ਦੀਆਂ ਯਾਦਾਂ, ਰਿਸ਼ਤਿਆਂ ਦੀ ਮਿਠਾਸ ਅਤੇ ਆਪਸੀ ਆਪਣੇਪਣ ਨੂੰ ਮੁੜ ਤਾਜ਼ਾ ਕਰਨ ਵਾਲਾ ਯਾਦਗਾਰ ਪਲ ਬਣ ਗਈ।

ਖੇਡਾਂ ਨਾਲ ਜੁੜਨਗੇ ਨੌਜਵਾਨ ਤਾਂ ਨਸ਼ਿਆਂ ਤੋਂ ਦੂਰ ਹੋਵੇਗਾ ਪੰਜਾਬ : ਸੰਜੀਵ ਖੰਨਾ

ਸਾਂਝੀ ਖ਼ਬਰ

ਅਮਲਾਲਾ ਵਿਖੇ ਕਰਵਾਏ ਕ੍ਰਿਕਟ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਭਾਜਪਾ ਆਗੂ, ਖਿਡਾਰੀਆਂ ਦਾ ਵਧਾਇਆ ਉਤਸ਼ਾਹ

ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਭਾਜਪਾ ਦਾ ਮੁੱਖ ਨਿਸ਼ਾਨਾ, ਨੌਜਵਾਨਾਂ ਨੂੰ ਖੇਡ ਮੈਦਾਨਾਂ ਤੱਕ ਲਿਆਉਣਾ ਜ਼ਰੂਰੀ



PS Mittha
ਡੇਰਾਬੱਸੀ

ਡੇਰਾਬੱਸੀ ਖੇਤਰ ਦੇ ਪਿੰਡ ਅਮਲਾਲਾ ਵਿਖੇ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ ਵਿੱਚ ਭਾਜਪਾ ਦੇ ਸੀਨੀਅਰ ਆਗੂ ਸੰਜੀਵ ਖੰਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਭਾਜਪਾ ਦਾ ਮੁੱਖ ਨਿਸ਼ਾਨਾ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ ਅਤੇ ਇਸ ਦਿਸ਼ਾ ਵਿੱਚ ਖੇਡਾਂ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਸੰਜੀਵ ਖੰਨਾ ਨੇ ਕਿਹਾ ਕਿ ਜਿਸ ਪੰਜਾਬ ਦੀ ਪਛਾਣ ਕਦੇ ਮਿਹਨਤੀ, ਮਜ਼ਬੂਤ ਅਤੇ ਖੇਡਾਂ ਵਿੱਚ ਅੱਗੇ ਰਹਿਣ ਵਾਲੇ ਨੌਜਵਾਨਾਂ ਨਾਲ ਹੁੰਦੀ ਸੀ, ਅੱਜ ਉਸੇ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਗੰਭੀਰ ਚਿੰਤਾ ਦਾ ਵੀਚਾਰ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਜੇਕਰ ਬੱਚਿਆਂ ਅਤੇ ਨੌਜਵਾਨਾਂ ਦਾ ਰੁਝਾਨ ਖੇਡ ਮੈਦਾਨਾਂ ਵੱਲ ਵਧੇਗਾ ਤਾਂ ਉਹ ਨਸ਼ਿਆਂ ਵਰਗੀਆਂ ਬੁਰਾਈਆਂ ਤੋਂ ਦੂਰ ਰਹਿਣਗੇ।ਉਨ੍ਹਾਂ ਕਿਹਾ ਕਿ ਕ੍ਰਿਕਟ ਸਮੇਤ ਹੋਰ ਖੇਡਾਂ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਵਿਕਾਸ ਵਿੱਚ ਸਹਾਈ ਹੁੰਦੀਆਂ ਹਨ, ਸਗੋਂ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਭਾਵਨਾ, ਅਗਵਾਈ ਦੀ ਸਮਰੱਥਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਪਿੰਡਾਂ ਵਿੱਚ ਅਜਿਹੇ ਟੂਰਨਾਮੈਂਟ ਲਗਾਤਾਰ ਕਰਵਾਏ ਜਾਣੇ ਚਾਹੀਦੇ ਹਨ, ਤਾਂ ਜੋ ਗ੍ਰਾਮੀਣ ਪ੍ਰਤਿਭਾਵਾਂ ਨੂੰ ਆਪਣੀ ਖੇਡ ਸਮਰੱਥਾ ਦਿਖਾਉਣ ਦਾ ਮੌਕਾ ਮਿਲ ਸਕੇ। ਭਾਜਪਾ ਆਗੂ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਉਦੋਂ ਹੀ ਸਾਕਾਰ ਹੋਵੇਗਾ, ਜਦੋਂ ਨੌਜਵਾਨ ਪੀੜ੍ਹੀ ਨੂੰ ਹਾਂ-ਪੱਖੀ (ਸਕਾਰਾਤਮਕ) ਗਤੀਵਿਧੀਆਂ ਨਾਲ ਜੋੜਿਆ ਜਾਵੇਗਾ। ਇਸ ਲਈ ਮਾਪਿਆਂ, ਸਮਾਜਿਕ ਸੰਸਥਾਵਾਂ ਅਤੇ ਖੇਡ ਕਲੱਬਾਂ ਨੂੰ ਮਿਲ ਕੇ ਯਤਨ ਕਰਨੇ ਪੈਣਗੇ। ਇਸ ਮੌਕੇ ਸੰਜੀਵ ਖੰਨਾ ਨੇ ਟੂਰਨਾਮੈਂਟ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਸਾਰੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪਿੰਡ ਅਮਲਾਲਾ ਦੇ ਨੌਜਵਾਨਾਂ ਵੱਲੋਂ ਕੀਤਾ ਗਿਆ ਇਹ ਉਪਰਾਲਾ ਦੂਜੇ ਪਿੰਡਾਂ ਲਈ ਵੀ ਪ੍ਰੇਰਨਾਦਾਇਕ ਹੈ।

ਸੰਸਦ ਖੇਡ ਮਹੋਤਸਵ ਵਿਚ ਅੱਜ ਹਾਕੀ ਦੇ ਖਿਡਾਰੀਆਂ ਨੇ ਦਿਖਾਇਆ ਆਪਣਾ ਦਮ ਖਮ

ਸਾਂਝੀ ਖ਼ਬਰ

ਮਾਰਕੰਡੇਸ਼ਵਰ ਹਾਕੀ ਸਟੇਡੀਅਮ ਵਿਚ 6 ਟੀਮਾਂ ਦੇ ਮੁਕਾਬਲੇ ਹੋਏ , ਤਿੰਨ ਟੀਮਾਂ ਨੇ ਜਿੱਤ ਦਰਜ ਕੀਤੀ



ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ 2 ਨਵੰਬਰ

ਕੁਰੂਕਸ਼ੇਤਰ ਦੇ ਮੈਂਬਰ ਪਾਰਲੀਮੈਂਟ ਨਵੀਨ ਜਿੰਦਲ ਦੇ ਮਾਰਗਦਰਸ਼ਨ ਵਿਚ ਆਯੋਜਿਤ ਸੰਸਦ ਖੇਡ ਮਹੋਤਸਵ ਦੇ ਤਹਿਤ ਥਾਨੇਸਰ ਵਿਧਾਨ ਸਭਾ ਹਲਕੇ ਦੀਆਂ ਖੇਡ ਪ੍ਰਤੀਯੋਗਤਵਾਂ ੋਅੱਜ ਮਾਰਕੰਡੇਸ਼ਵਰ ਹਾਕੀ ਸਟੇਡੀਅਮ ਵਿਚ ਹਾਕੀ ਦੇ ਰੋਮਾਂਚਿਕ ਮੁਕਾਬਲੇ ਨਾਲ ਸ਼ੁਰੂ ਹੋਈਆਂ। ਅੱਜ ਸ਼ੁਰੂ ਹੋਏ ਮੈਚਾਂ ਵਿਚ ਪੁਰਸ਼ ਟੀਮਾਂ ਵਿਚ ਗੁਰੂਕੁਲ ਘਰਾੜਸੀ ਤੇ ਯੂਨੀਵਰਸਿਟੀ ਖੇਲੋ ਇੰਡਿਆ ਸੈਂਟਰ ਤੇ ਮਹਿਲਾ ਹਾਕੀ ਮੁਕਬਲਿਆਂ ਵਿਚ ਗੁਰੂਕੁਲ ਘਰਾਂੜਸੀ ਤੇ ਸੀਨੀਅਰ ਮਾਡਲ ਸਕੂਲ ਕੁਰੂਕਸ਼ੇਤਰ ਯੂਨੀਵਰਸਿਟੀ ਤੇ ਸੋਮ ਗੁਰੂਕੁੱਲ ਘਰਾੜਸੀ ਤੇ ਯੂਨੀਵਰਸਿਟੀ ਖੇਲੋ ਇੰਡਿਆ ਸੈਂਟਰ ਦੇ ਵਿਚਕਾਰ ਹੋਇਆ। ਸਾਰੀਆਂ ਮੈਚਾਂ ਵਿਚ ਖਿਡਾਰੀਆਂ ਨੇ ਸ਼ਾਨਦਾਰ ਖੇਡ ਪ੍ਰਦਰਸ਼ਨ, ਅਨੁਸਸ਼ਾਸ਼ਨ ਤੇ ਟੀਮ ਭਾਵਨਾ ਦਾ ਪ੍ਰਦਰਸ਼ਨ ਕੀਤਾ। ਸਖਤ ਮੁਕਾਬਲਿਆਂ ਦੇ ਬਾਅਦ ਤਿੰਨ ਟੀਮਾਂ ਨੇ ਜਿੱਤ ਹਾਸਲ ਕੀਤੀ ਤੇ ਅਗਲੇ ਚਰਨ ਲਈ ਥਾਂ ਬਣਾਈ। ਇਨਾਂ ਮੁਕਾਬਲਿਆਂ ਦਾ ਸ਼ੁਭ ਅਰੰਭ ਕਰਦੇ ਹੋਏ ਚੇਅਰਮੈਨ ਸੁਭਾਸ਼ ਕਲਸਾਣਾ ਤੇ ਐਸ ਡੀ ਐਮ ਸ਼ੰਭੂ ਰਾਠੀ ਨੇ ਕਰਦਿਆਂ ਕਿਹਾ ਕਿ ਸੰਸਦ ਨਵੀਨ ਜਿੰਦਲ ਖੇਡਾਂ ਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਨਿਰੰਤਰ ਯਤਨਸ਼ੀਲ ਹਨ। ਉਨਾਂ ਨੇ ਆਪਣੇ ਨਿੱਜੀ ਫੰਡ ਚ ਮਾਰਕੰਡੇਸ਼ਵਰ ਹਾਕੀ ਸਟੇਡੀਅਮ ਨੂੰ ਲੱਖਾਂ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਹੈ। ਉਨਾਂ ਦਾ ਉਦੇਸ਼ ਹੈ ਕਿ ਇਸ ਮੈਦਾਨ ਵਿਚ ਖੇਡਣ ਵਾਲੇ ਖਿਡਾਰੀਆਂ ਨੂੰ ਬੇਹਤਰ ਸੁਵਿਧਾਵਾਂਤੇ ਖੇਡਾਂ ਲਈ ਜਰੂਰੀ ਸਾਧਨ ਉਪਲਬਦ ਹੋਣ ਤਾਂ ਜੋ ਜਿਲਾ, ਸੂਬੇ ਤੇ ਰਾਸ਼ਟਰੀ ਪੱਧਰ ਤੇ ਇਸ ਮੈਦਾਨ ਦੇ ਖਿਡਾਰੀ ਆਪਣੀ ਪ੍ਰਤਿਭਾ ਦਾ ਬੇਹਤਰ ਪ੍ਰਦਰਸ਼ਨ ਕਰ ਦੇਸ਼ ਦਾ ਨਾਂ ਰੋਸ਼ਨ ਕਰਨ। ਸੰਸਦ ਦੇ ਦਫਤਰੀ ਇੰਚਾਰਜ ਧਰਮਬੀਰ ਸਿੰਘ ਨੇ ਕਿਹਾ ਕਿ ਥਾਨੇਸਰ ਵਿਧਾਨ ਸਭਾ ਦੇ ਹਾਕੀ ਮੁਕਾਬਲੇ ਮਾਰਕੰਡੇਸ਼ਵਰ ਹਾਕੀ ਸਟੇਡੀਅਮ ਵਿਚ ਅੱਜ ਆਯੋਜਿਤ ਹੋਏ ਹਨ। ਇਨਾਂ ਮੁਕਾਬਲਿਆਂ ਵਿਚ ਖਿਡਾਰੀਆਂ ਨੇ ਪੂਰੇ ਉਤਸ਼ਾਹ ਤੇ ਖੇਡ ਭਾਵਨਾ ਨਾਲ ਖੇਡਦਿਆਂ ਦਮ ਖਮ ਦਿਖਾਏ। ਉਨਾਂ ਕਿਹਾ ਕਿ ਸੰਸਦ ਨਵੀਨ ਜਿੰਦਲ ਦੀ ਸੋਚ ਹੈ ਕਿ ਸੰਸਦ ਖੇਡ ਮਹੋਤਸਵ ਰਾਹੀਂ ਪੇਡੰੂ ਤੇ ਸ਼ਹਿਰੀ ਖੇਤਰਾਂ ਵਿਚ ਛੁਪੀਆਂ ਖੇਡ ਪ੍ਰਤਿਭਾਵਾਂ ਨੂੰ ੂ ਅੱਗੇ ਆਉਣ ਦਾ ਮੌਕਾ ਮਿਲੇ ਤੇ ਜਿਆਦਾ ਤੋਂ ਜਿਆਦਾ ਖਿਡਾਰੀਆਂ ਖੇਡਾਂ ਨਾਲ ਜੁੜ ਕੇ ਦੇਸ਼ ਤੇ ਸੂਬੇ ਦਾ ਨਾਂ ਰੋਸ਼ਨ ਕਰਨ। ਉਨਾਂ ਕਿਹਾ ਕਿ ਸੰਸਦ ਖੇਡ ਮਹੋਤਸਵ ਸਿਰਫ ਇਕ ਪ੍ਰਤੀਯੋਗਤਾ ਨਹੀਂ ਬਲਕਿ ਨੌਜੁਆਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਕਰਨਾ ਤੇ ਉਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਸੁਆਸਥ ਤੇ ਅਨੁਸ਼ਾਸ਼ਤ ਜੀਵਨ ਵਲ ਲੈ ਕੇ ਜਾਣਾ। ਇਸ ਮੌਕੇ ਸੁਪਰਸਵ ਜੈਨ, ਤਰਲੋਚਨ ਸਿੰਘ ਹਾਂਡਾ, ਸੁਦਰਸ਼ਨ ਕੱਕੜ, ਬਲਦੇਵ ਰਾਜ ਚਾਵਲਾ ,ਬਲਦੇਵ ਰਾਜ ਸੇਠੀ, ਇਸ਼ੁ ਸਚਦੇਵਾ ,ਅਜੈਬ ਸਿੰਘ ਸਿੰਘ ਜਿੰਦਲ ਹਾਊਸ ਕੁਰੁਕ-ਸ਼ੇਤਰ, ਪੂਸ਼ਣ ਮੰਗਲਾ, ਆਦਿ ਤੋਂ ਇਲਾਵਾ ਕਈ ਖਿਡਾਰੀ ਪ੍ਰਤੀਨਿੱਧ ਤੇ ਖੇਡ ਪ੍ਰੇਮੀ ਮੌਜੂਦ ਸਨ।

ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ 'ਨਸ਼ਾ ਮੁਕਤ ਯੁਵਾ' ਮੁਹਿੰਮ ਤਹਿਤ ਬਲਾਕ ਪੱਧਰੀ ਨੇਬਰਹੁੱਡ ਯੂਥ ਪਾਰਲੀਮੈਂਟ ਦਾ ਆਯੋਜਨ

ਸਾਂਝੀ ਖ਼ਬਰ

ਵਿਦਿਆਰਥੀਆਂ ਤੇ ਫੈਕਲਟੀ ਨੇ ਚੁੱਕੀ ਨਸ਼ਾ ਮੁਕਤ ਸਮਾਜ ਸਿਰਜਣ ਦੀ ਸਹੁੰ; 200 ਦੇ ਕਰੀਬ ਨੌਜਵਾਨਾਂ ਨੇ ਦਿਖਾਇਆ ਉਤਸ਼ਾਹ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 17 ਅਕਤੂਬਰ

ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ ਦੀ ਪਹਿਲਕਦਮੀ 'ਮੇਰਾ ਯੁਵਾ ਭਾਰਤ' (MY Bharat), ਹੁਸ਼ਿਆਰਪੁਰ ਬਲਾਕ-1 ਦੇ ਸਹਿਯੋਗ ਨਾਲ ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ (RBPU), ਹੁਸ਼ਿਆਰਪੁਰ ਦੇ ਐਨ.ਐਸ.ਐਸ. (NSS) ਵਿੰਗ ਵੱਲੋਂ 'ਨਸ਼ਾ ਮੁਕਤ ਯੁਵਾ' ਥੀਮ ਅਧੀਨ ਬਲਾਕ ਪੱਧਰੀ 'ਨੇਬਰਹੁੱਡ ਯੂਥ ਪਾਰਲੀਮੈਂਟ 2026–27' ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਨਸ਼ਿਆਂ ਦੇ ਵਧ ਰਹੇ ਮਾਰੂ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਇੱਕ ਸਿਹਤਮੰਦ ਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕਰਨਾ ਸੀ।

ਸਮਾਗਮ ਦੀ ਸ਼ੁਰੂਆਤ ਰਵਾਇਤੀ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਇਸ ਉਪਰੰਤ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਅਧੀਨ 'ਮਾਈ ਭਾਰਤ' ਹੁਸ਼ਿਆਰਪੁਰ ਦੀ ਡਿਪਟੀ ਡਾਇਰੈਕਟਰ ਸ਼੍ਰੀਮਤੀ ਜਸਲੀਨ ਕੌਰ ਨੇ ਵਿਦਿਆਰਥੀਆਂ ਨੂੰ 'ਮਾਈ ਭਾਰਤ ਪੋਰਟਲ' ਦੇ ਉਦੇਸ਼ਾਂ, ਵਿਸ਼ੇਸ਼ਤਾਵਾਂ, ਲਾਭਾਂ ਅਤੇ ਨੌਜਵਾਨਾਂ ਦੇ ਲੀਡਰਸ਼ਿਪ ਵਿਕਾਸ ਤੇ ਸਮਾਜਿਕ ਭਾਗੀਦਾਰੀ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ।

ਜਾਗਰੂਕਤਾ ਸੈਸ਼ਨ ਦੌਰਾਨ ਸਕੂਲ ਆਫ਼ ਕੰਪਿਊਟਿੰਗ ਐਂਡ ਇੰਜੀਨੀਅਰਿੰਗ ਦੇ ਡੀਨ ਡਾ. ਗੁਰਜੀਤ ਸਿੰਘ ਨੇ 'ਨਸ਼ਿਆਂ ਦੀ ਸਮੱਸਿਆ: ਭਾਰਤੀ ਨੌਜਵਾਨਾਂ ਸਾਹਮਣੇ ਚੁਣੌਤੀਆਂ' ਵਿਸ਼ੇ 'ਤੇ ਭਾਸ਼ਣ ਦਿੱਤਾ। ਉਹਨਾਂ ਨੇ ਨਸ਼ੇ ਦੇ ਕਾਰਨਾਂ, ਕਿਸਮਾਂ ਅਤੇ ਮਨੁੱਖੀ ਸਰੀਰ, ਮਾਨਸਿਕ ਸਿਹਤ, ਪਰਿਵਾਰ ਤੇ ਸਮਾਜ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਉਹਨਾਂ ਕਿਹਾ ਕਿ ਨਸ਼ਿਆਂ ਦਾ ਰੁਝਾਨ ਭਾਰਤ ਦੇ ਜਨਸੰਖਿਆ ਲਾਭਅੰਸ਼ (Demographic Dividend) ਅਤੇ 'ਵਿਕਸਿਤ ਭਾਰਤ' ਦੇ ਸੁਪਨੇ ਸਾਹਮਣੇ ਇੱਕ ਗੰਭੀਰ ਚੁਣੌਤੀ ਹੈ।

ਯੂਨੀਵਰਸਿਟੀ ਸਕੂਲ ਆਫ਼ ਸਾਇੰਸਿਜ਼ ਦੀ ਡੀਨ ਡਾ. ਜੋਤਸਨਾ ਨੇ 'ਜਾਗਰੂਕਤਾ ਤੋਂ ਅਮਲ ਤੱਕ: ਨਸ਼ਾ ਮੁਕਤ ਯੁਵਾ ਦੇ ਸਾਧਨ' ਵਿਸ਼ੇ 'ਤੇ ਵਿਚਾਰ ਵਟਾਂਦਰਾ ਕੀਤਾ। ਉਹਨਾਂ ਨੇ ਨੌਜਵਾਨਾਂ ਨੂੰ ਸਿਰਫ਼ ਜਾਗਰੂਕ ਹੋਣ ਤੱਕ ਸੀਮਤ ਨਾ ਰਹਿ ਕੇ ਸਮਾਜਿਕ ਪੱਧਰ 'ਤੇ ਅੱਗੇ ਆਉਣ ਅਤੇ ਆਪਣੇ ਸਾਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨ 'ਤੇ ਜ਼ੋਰ ਦਿੱਤਾ।

ਇਸ ਦੌਰਾਨ 'ਮਾਈ ਭਾਰਤ' ਦੇ ਵਾਲੰਟੀਅਰਾਂ ਵੱਲੋਂ ਸਮੂਹਿਕ ਤੌਰ 'ਤੇ 'ਨਸ਼ਾ ਮੁਕਤ ਭਾਰਤ' ਦਾ ਪ੍ਰਣ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਨਸ਼ਿਆਂ ਤੋਂ ਦੂਰ ਰਹਿਣ ਅਤੇ ਹੋਰਨਾਂ ਨੂੰ ਵੀ ਨਸ਼ਾ ਮੁਕਤ ਸਮਾਜ ਲਈ ਜਾਗਰੂਕ ਕਰਨ ਦਾ ਵਾਅਦਾ ਕੀਤਾ।

ਇਸ ਪ੍ਰੋਗਰਾਮ ਵਿੱਚ ਐੱਮ.ਐੱਲ.ਐੱਸ. (MLS) ਅਤੇ ਯੂਨੀਵਰਸਿਟੀ ਸਕੂਲ ਆਫ਼ ਸਾਇੰਸਿਜ਼ ਦੇ ਲਗਭਗ 200 ਵਿਦਿਆਰਥੀਆਂ ਨੇ ਉਤਸ਼ਾਹਪੂਰਵਕ ਸ਼ਮੂਲੀਅਤ ਕੀਤੀ। ਸਮਾਗਮ ਦੀ ਸਮਾਪਤੀ ਸ਼੍ਰੀਮਤੀ ਜਸਲੀਨ ਕੌਰ ਦੇ ਧੰਨਵਾਦੀ ਸੰਦੇਸ਼ ਨਾਲ ਹੋਈ, ਜਿਸ ਵਿੱਚ ਉਹਨਾਂ ਨੇ ਨਸ਼ਾ ਮੁਕਤ ਭਾਰਤ ਦੀ ਪ੍ਰਾਪਤੀ ਲਈ ਨੌਜਵਾਨਾਂ ਦੀ ਸਾਂਝੀ ਜ਼ਿੰਮੇਵਾਰੀ ਨੂੰ ਅਹਿਮ ਦੱਸਿਆ। ਪੂਰੇ ਪ੍ਰੋਗਰਾਮ ਦਾ ਤਾਲਮੇਲ ਡਾ. ਜੋਤਸਨਾ (ਡੀਨ, ਯੂ.ਐੱਸ.ਐੱਸ. ਅਤੇ ਕੋਆਰਡੀਨੇਟਰ ਐੱਨ . ਐੱਸ . ਐੱਸ . , ਆਰ.ਬੀ.ਪੀ.ਯੂ.) ਵੱਲੋਂ ਬਾਖ਼ੂਬੀ ਨਿਭਾਇਆ ਗਿਆ।

ਪੰਜਾਬ ਸਰਕਾਰ ਦੀਆਂ ਨਾਕਾਮੀਆਂ ਕਾਰਨ ਸੂਬੇ ਵਿੱਚ ਅਰਾਜਕਤਾ ਦਾ ਮਾਹੌਲ : ਵਿਜੈ ਸਾਂਪਲਾ

ਸਾਂਝੀ ਖ਼ਬਰ

ਨਸ਼ਾ, ਭ੍ਰਿਸ਼ਟਾਚਾਰ ਅਤੇ ਵਿਗੜਦੀ ਕਾਨੂੰਨ ਵਿਵਸਥਾ 'ਤੇ ਮਾਨ ਸਰਕਾਰ ਨੂੰ ਘੇਰਿਆ; ਲੋਕਤੰਤਰ ਬਚਾਓ, ਅਰਾਜਕਤਾ ਹਟਾਓ ਦਾ ਦਿੱਤਾ ਨਾਅਰਾ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 2 ਨਵੰਬਰ

ਸਾਬਕਾ ਕੇਂਦਰੀ ਮੰਤਰੀ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਵਿਜੈ ਸਾਂਪਲਾ ਨੇ ਪ੍ਰੈਸ ਵਾਰਤਾ ਦੌਰਾਨ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸੂਬੇ ਵਿੱਚ ਨਸ਼ਿਆਂ ਦਾ ਵਧਦਾ ਕਾਰੋਬਾਰ, ਭ੍ਰਿਸ਼ਟਾਚਾਰ ਅਤੇ ਵਿਗੜ ਦੀ ਕਾਨੂੰਨ ਵਿਵਸਥਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਦੀ ਸੁਰੱਖਿਆ ਅਤੇ ਭਲਾਈ ਯਕੀਨੀ ਬਣਾਉਣ ਦੀ ਬਜਾਏ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਵਿੱਚ ਲੱਗੀ ਹੋਈ ਹੈ।

ਸਾਂਪਲਾ ਨੇ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਦਾਅਵੇ ਕੀਤੇ ਗਏ ਸਨ, ਪਰ ਅੱਜ ਸੂਬੇ ਦੇ ਹਰ ਸ਼ਹਿਰ ਅਤੇ ਮੁਹੱਲੇ ਵਿੱਚ ਨਸ਼ਿਆਂ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਚੁੱਕੀ ਹੈ। ਉਨ੍ਹਾਂ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਅਤੇ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਨਾਲ ਹੋ ਰਹੇ ਵਰਤਾਅ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਰਕਾਰ ਨੂੰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਅਤੇ ਨਿਰਪੱਖ ਕਾਰਵਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਸੂਬੇ ਵਿੱਚ ਫਿਰੌਤੀਆਂ, ਧਮਕੀਆਂ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਲੋਕ ਡਰ ਦੇ ਮਾਹੌਲ ਵਿੱਚ ਜੀਣ ਲਈ ਮਜਬੂਰ ਹਨ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਇਮਾਨਦਾਰ ਸਰਕਾਰ ਦੇ ਦਾਅਵੇ ਕਰਨ ਵਾਲੀ ਸਰਕਾਰ ਨੂੰ ਆਪਣੇ ਉਮੀਦਵਾਰਾਂ ਅਤੇ ਆਗੂਆਂ ਨਾਲ ਜੁੜੇ ਵਿਵਾਦਾਂ ਬਾਰੇ ਲੋਕਾਂ ਨੂੰ ਜਵਾਬ ਦੇਣਾ ਚਾਹੀਦਾ ਹੈ।

ਉਨ੍ਹਾਂ ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਦੇ ਮਾਮਲੇ ਵਿੱਚ ਵੀ ਸਰਕਾਰ ਦੀ ਕਾਰਗੁਜ਼ਾਰੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦੇਣ ਦੀ ਬਜਾਏ ਸਰਕਾਰ ਅਦਾਲਤੀ ਲੜਾਈ ਵਿੱਚ ਉਲਝੀ ਹੋਈ ਹੈ।

ਵਿਜੈ ਸਾਂਪਲਾ ਨੇ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ, ਅਪਰਾਧ ਮੁਕਤ ਅਤੇ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਾਫ਼ ਨੀਅਤ ਅਤੇ ਦ੍ਰਿੜ੍ਹ ਇੱਛਾ ਸ਼ਕਤੀ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਸੋਚ-ਸਮਝ ਕੇ ਫੈਸਲਾ ਲੈਣ ਅਤੇ ਪੰਜਾਬ ਵਿੱਚ ਲੋਕਤੰਤਰ ਦੀ ਮਜ਼ਬੂਤੀ ਲਈ ਸਹਿਯੋਗ ਦੇਣ ਇਸ ਮੌਕੇ ਉਹਨਾਂ ਦੇ ਨਾਲ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨਿਤਿਨ ਗੁਪਤਾ ਨ ਨੂੰ ਵੀ ਹਾਜ਼ਰ ਸਨ।।

ਗਤਕਾ ਖੇਡ ਵਿੱਚ ਜਗਜੋਤ ਸਿੰਘ ਨੇ ਕੌਮੀ ਪੱਧਰ 'ਤੇ ਚਮਕਾਇਆ ਮੁਕੇਰੀਆਂ ਦਾ ਨਾਂ, ਸੋਨ ਤਮਗਾ ਜਿੱਤ ਕੇ ਬਣਿਆ ਇਲਾਕੇ ਦਾ ਮਾਣ

ਸਾਂਝੀ ਖ਼ਬਰ

ਐਸਐਸ ਮੈਡੀਸਿਟੀ ਹਸਪਤਾਲ ਵਿਖੇ 15 ਸਾਲਾ ਗਤਕਾ ਖਿਡਾਰੀ ਦਾ ਕੀਤਾ ਵਿਸ਼ੇਸ਼ ਸਨਮਾਨ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ/ਮੁਕੇਰੀਆਂ, 2 ਨਵੰਬਰ

ਖੇਡਾਂ ਦੇ ਖੇਤਰ ਵਿੱਚ ਛੋਟੀ ਉਮਰ ਦੌਰਾਨ ਵੱਡੀਆਂ ਪ੍ਰਾਪਤੀਆਂ ਕਰਕੇ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਮੁਕੇਰੀਆਂ ਦੇ 15 ਸਾਲਾ ਗਤਕਾ ਖਿਡਾਰੀ ਜਗਜੋਤ ਸਿੰਘ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਦੇ ਦਮ 'ਤੇ ਕੌਮੀ ਪੱਧਰ 'ਤੇ ਸੋਨ ਤਮਗਾ ਜਿੱਤ ਕੇ ਇਲਾਕੇ ਦਾ ਮਾਣ ਵਧਾਇਆ ਹੈ। ਉਸ ਦੀਆਂ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਨੂੰ ਦੇਖਦਿਆਂ ਐਸਐਸ ਮੈਡੀਸਿਟੀ ਹਸਪਤਾਲ ਮੁਕੇਰੀਆਂ ਵਿਖੇ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕਰਕੇ ਉਸ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ।

ਇਸ ਮੌਕੇ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਸਰਪ੍ਰਸਤ ਅਤੇ ਗੁਰਮਤਿ ਪ੍ਰਚਾਰ ਸੇਵਾ ਸੋਸਾਇਟੀ ਮੁਕੇਰੀਆਂ ਦੇ ਮੁੱਖ ਸੇਵਾਦਾਰ ਸਰਦਾਰ ਭੁਪਿੰਦਰ ਸਿੰਘ ਪਿੰਕੀ ਨੇ ਦੱਸਿਆ ਕਿ ਜਗਜੋਤ ਸਿੰਘ ਪੁੱਤਰ ਜਗਦੀਸ਼ ਸਿੰਘ ਨੇ ਗਤਕਾ ਖੇਡ ਵਿੱਚ ਆਪਣੀ ਲਗਾਤਾਰ ਮਿਹਨਤ ਅਤੇ ਬਿਹਤਰੀਨ ਖੇਡ ਪ੍ਰਦਰਸ਼ਨ ਨਾਲ ਕਈ ਅਹਿਮ ਮੁਕਾਮ ਹਾਸਲ ਕੀਤੇ ਹਨ। ਹਰਿਆਣਾ ਦੇ ਫਤਿਹਾਬਾਦ ਜ਼ਿਲ੍ਹੇ ਦੇ ਰਤੀਆ ਸ਼ਹਿਰ ਵਿਖੇ ਹੋਏ ਕੌਮੀ ਗਤਕਾ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਉਸ ਨੇ ਸੋਨ ਤਮਗਾ ਆਪਣੇ ਨਾਂ ਕੀਤਾ। ਇਸ ਤੋਂ ਇਲਾਵਾ ਪੰਜਾਬ ਪੱਧਰੀ ਗਤਕਾ ਮੁਕਾਬਲਿਆਂ ਅਤੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਵੀ ਪਹਿਲਾ ਸਥਾਨ ਹਾਸਲ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਸਕੂਲੀ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਉਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਇਨ੍ਹਾਂ ਪ੍ਰਾਪਤੀਆਂ ਸਦਕਾ ਜਗਜੋਤ ਸਿੰਘ ਨੇ ਨਾ ਸਿਰਫ਼ ਆਪਣੇ ਮਾਪਿਆਂ ਅਤੇ ਸਕੂਲ ਦਾ ਸਿਰ ਉੱਚਾ ਕੀਤਾ ਹੈ, ਸਗੋਂ ਮੁਕੇਰੀਆਂ ਇਲਾਕੇ ਨੂੰ ਵੀ ਮਾਣਮੱਤੀ ਪਛਾਣ ਦਿਵਾਈ ਹੈ। ਇਸ ਮੌਕੇ ਹਸਪਤਾਲ ਦੇ ਐਮਡੀ ਡਾ. ਹਰਜੀਤ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਪਿੰਕੀ ਵੱਲੋਂ ਖਿਡਾਰੀ ਨੂੰ ਸਿਰੋਪਾਓ ਭੇਟ ਕਰਕੇ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਸਨਮਾਨ ਸਮਾਗਮ ਦੌਰਾਨ ਡਾ. ਹਰਜੀਤ ਸਿੰਘ ਅਤੇ ਭੁਪਿੰਦਰ ਸਿੰਘ ਪਿੰਕੀ ਨੇ ਕਿਹਾ ਕਿ ਗਤਕਾ ਸਿਰਫ਼ ਇੱਕ ਖੇਡ ਨਹੀਂ, ਸਗੋਂ ਸਿੱਖ ਕੌਮ ਦੀ ਅਮੀਰ ਵਿਰਾਸਤ, ਸਵੈ-ਮਾਣ ਅਤੇ ਬਹਾਦਰੀ ਦਾ ਪ੍ਰਤੀਕ ਹੈ। ਇਹ ਖੇਡ ਨੌਜਵਾਨਾਂ ਅੰਦਰ ਅਨੁਸ਼ਾਸਨ, ਸੰਜਮ, ਹਿੰਮਤ, ਆਤਮ-ਵਿਸ਼ਵਾਸ ਅਤੇ ਸਵੈ-ਰੱਖਿਆ ਦੀ ਭਾਵਨਾ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਜਗਜੋਤ ਸਿੰਘ ਵਰਗੇ ਹੋਣਹਾਰ ਖਿਡਾਰੀ ਸਮਾਜ ਦੇ ਹੋਰਨਾਂ ਬੱਚਿਆਂ ਲਈ ਵੀ ਪ੍ਰੇਰਨਾ ਦਾ ਸਰੋਤ ਹਨ ਅਤੇ ਅਜਿਹੀਆਂ ਪ੍ਰਤਿਭਾਵਾਂ ਨੂੰ ਅੱਗੇ ਵਧਾਉਣ ਲਈ ਸਮਾਜ ਦੇ ਹਰ ਵਰਗ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਲਾਹਨਤ ਤੋਂ ਦੂਰ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਨਸ਼ੇ ਨੌਜਵਾਨਾਂ ਦੀ ਪ੍ਰਤਿਭਾ, ਸਿਹਤ ਅਤੇ ਭਵਿੱਖ ਨੂੰ ਤਬਾਹ ਕਰ ਰਹੇ ਹਨ। ਬੱਚਿਆਂ ਨੂੰ ਗਲਤ ਰਾਹਾਂ ਤੋਂ ਬਚਾਉਣ ਲਈ ਮਾਪਿਆਂ, ਅਧਿਆਪਕਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਸਾਂਝੇ ਤੌਰ 'ਤੇ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਨੌਜਵਾਨ ਗੁਰਬਾਣੀ ਦੀ ਸਿੱਖਿਆ ਤੋਂ ਪ੍ਰੇਰਨਾ ਲੈ ਕੇ ਇਮਾਨਦਾਰੀ ਨਾਲ ਕਿਰਤ ਕਰਨ, ਉੱਚੇ ਵਿਚਾਰ ਅਪਣਾਉਣ ਅਤੇ ਸਮਾਜ ਦੀ ਭਲਾਈ ਵਿੱਚ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਮੋਬਾਈਲ ਫੋਨਾਂ 'ਤੇ ਬੇਲੋੜੇ ਸਮੇਂ ਅਤੇ ਗਲਤ ਸੰਗਤ ਵੱਲ ਜਾਣ ਵਾਲੇ ਰੁਝਾਨ ਨੂੰ ਰੋਕਣ ਦੇ ਨਾਲ-ਨਾਲ ਉਨ੍ਹਾਂ ਨੂੰ ਖੇਡਾਂ, ਸਿੱਖਿਆ ਅਤੇ ਹੋਰ ਉਸਾਰੂ ਗਤੀਵਿਧੀਆਂ ਨਾਲ ਜੋੜਨ, ਤਾਂ ਜੋ ਨੌਜਵਾਨ ਆਪਣੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾ ਕੇ ਦੇਸ਼ ਅਤੇ ਸਮਾਜ ਦਾ ਨਾਂ ਰੌਸ਼ਨ ਕਰ ਸਕਣ।

ਇਸ ਮੌਕੇ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪ੍ਰਤਾਪ ਸਿੰਘ ਨੇ ਜਗਜੋਤ ਸਿੰਘ ਦੀ ਹੌਸਲਾ ਅਫ਼ਜ਼ਾਈ ਅਤੇ ਸਨਮਾਨ ਲਈ ਡਾ. ਹਰਜੀਤ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਪਿੰਕੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਖਿਡਾਰੀਆਂ ਨੂੰ ਮਿਲਣ ਵਾਲਾ ਅਜਿਹਾ ਉਤਸ਼ਾਹ ਉਨ੍ਹਾਂ ਨੂੰ ਹੋਰ ਵੱਡੀਆਂ ਪ੍ਰਾਪਤੀਆਂ ਕਰਨ ਲਈ ਪ੍ਰੇਰਿਤ ਕਰਦਾ ਹੈ।

ਇਸ ਮੌਕੇ ਗਤਕਾ ਪ੍ਰਮੋਟਰ ਸਚਨਾਮ ਸਿੰਘ, ਅਵਤਾਰ ਸਿੰਘ, ਮਨਜੀਤ ਸਿੰਘ ਚੀਮਾ, ਸਤਨਾਮ ਸਿੰਘ ਧਾਮੀਆ, ਗੁਰਵਿੰਦਰ ਸਿੰਘ ਭੁੱਲਰ, ਅਮਰਜੀਤ ਸਿੰਘ ਲਵਲੀ, ਮਨਜਿੰਦਰ ਸਿੰਘ ਨਿੱਕੂ ਚੱਕ, ਹਰਦੀਪ ਸਿੰਘ ਭੰਮਰਾ, ਡਾ. ਸੁਖਵਿੰਦਰ ਸਿੰਘ ਅਤੇ ਗੁਰਟੇਕ ਸਿੰਘ ਭੰਮਰਾ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਸਿਆਸੀ ਵਫਾਦਾਰੀਆਂ : ਹੁਣ ਨਿੱਤ ਰੰਗ ਬਦਲਦੇ ਮੇਰੇ ਜੇਠ ਦੀਆਂ ਦਸਤਾਰਾਂ ਦੇ

ਸਾਂਝੀ ਖ਼ਬਰ


ਭਾਜਪਾ 'ਚ ਸ਼ਮੂਲੀਅਤ ਮਗਰੋਂ ਪਠਾਣ ਮਾਜਰਾ ਤੇ ਜੌੜਾ ਮਾਜਰਾ

ਅਸ਼ੋਕ ਵਰਮਾ
ਬਠਿੰਡਾ , 02 ਨਵੰਬਰ

ਆਮ ਆਦਮੀ ਪਾਰਟੀ ਦੇ ਦੋ ਵਿਧਾਇਕਾਂ ਚੇਤਨ ਸਿੰਘ ਜੌੜਾ ਮਾਜਰਾ ਅਤੇ ਹਰਮੀਤ ਸਿੰਘ ਪਠਾਨ ਮਾਜਰਾ ਵੱਲੋਂ ਭਾਜਪਾ 'ਚ ਸ਼ਮੂਲੀਅਤ ਕਰਨ ਕਾਰਨ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਲਬਦਲੀਆਂ ਦਾ ਰੁਝਾਨ ਸ਼ੁਰੂ ਹੋ ਗਿਆ ਹੈ ਜਿਸ ਦੇ ਆਉਂਦੇ ਦਿਨੀ ਹੋਰ ਜੋਰ ਫੜਨ ਦੀ ਸੰਭਾਵਨਾ ਹੈ। ਰੌਚਕ ਤੱਥ ਹੈ ਕਿ ਦੋਵਾਂ ਵਿਧਾਇਕਾਂ ਨੇ ਇਕੱਲੀ ਪਾਰਟੀ ਹੀ ਨਹੀਂ ਬਦਲੀ ਬਲਕਿ ਖੁਦ ਨੂੰ ਭਾਜਪਾ ਦੇ ਆਈਕਾਨ ਭਗਵੇ ਰੰਗ 'ਚ ਰੰਗ ਲਿਆ ਹੈ। ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਨੇ ਅੱਜ ਭਾਜਪਾ 'ਚ ਸ਼ਾਮਲ ਹੋਣ ਮੌਕੇ ਭਗਵੇਂ ਰੰਗ ਦੀਆਂ ਪੱਗਾਂ ਬੰਨੀਆਂ ਹੋਈਆਂ ਸਨ। ਹਾਲਾਂਕਿ ਪਠਾਣ ਮਾਜਰਾ ਦੀ ਪੱਗ ਦਾ ਰੰਗ ਗੂੜਾ ਭਗਵਾ ਸੀ ਅਤੇ ਜੌੜਾ ਮਾਜਰਾ ਦੇ ਹਲਕੇ ਭਗਵੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ ਜਦੋਂਕਿ ਇਸ ਤੋਂ ਪਹਿਲਾਂ ਉਨ੍ਹਾਂ ਦੀਆਂ ਪੱਗਾਂ ਦਾ ਰੰਗ ਬਸੰਤੀ ਜਾਂ ਕੋਈ ਦੂਸਰਾ ਹੁੰਦਾ ਸੀ।

ਐਤਵਾਰ ਨੂੰ ਜਦੋਂ ਦੋਵਾਂ ਵਿਧਾਇਕਾਂ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ ਤਾਂ ਜੌੜਾ ਮਾਜਰਾ ਨੇ ਸਫੈਦ ਅਤੇ ਪਠਾਣ ਮਾਜਰਾ ਨੇ ਗੂੜ੍ਹੇ ਹਰੇ ਰੰਗ ਦੀ ਪੱਗ ਬੰਨ੍ਹੀ ਹੋਈ ਸੀ। ਇਹ ਤਬਦੀਲੀ ਪੰਜਾਬ ਦੀ ਨਾਮਵਰ ਗਾਇਕ ਜੋੜੀ 'ਰਾਜ ਬਰਾੜ ਅਤੇ ਅਨੀਤਾ ਸਮਾਣਾ 'ਦੇ ਚਰਚਿਤ ਗੀਤ 'ਨਿੱਤ ਰੰਗ ਬਦਲਦੇ ਮੇਰੇ ਜੇਠ ਦੀਆਂ ਦਸਤਾਰਾਂ ਦੇ' ਨੂੰ ਰੂਪਮਾਨ ਕਰਦੀ ਨਜ਼ਰ ਆਉਂਦੀ ਹੈ। ਦੇਖਿਆ ਜਾਏ ਤਾਂ ਪੰਜਾਬ ਦੀ ਸਿਆਸਤ 'ਚ ਪਗੜੀ ਸਿਰ ਢਕਣ ਜਾਂ ਪਹਿਰਾਵੇ ਦਾ ਹਿੱਸਾ ਨਹੀਂ ਸਗੋਂ ਇਹ ਪਾਰਟੀ ਦੀ ਵਿਚਾਰਧਾਰਾ ,ਪਛਾਣ , ਜੱਥੇਬੰਦਕ ਧੜੇ ਅਤੇ ਆਗੂਆਂ ਦੇ ਸਿਆਸੀ ਪ੍ਰਭਾਵ ਦਾ ਪ੍ਰਤੀਕ ਵੀ ਰਹੀ ਹੈ। ਇੱਥੇ ਇਹ ਧਿਆਨਯੋਗ ਹੈ ਕਿ ਰੰਗਾਂ ਦੀ ਇਹ ਸਿਆਸੀ ਪਛਾਣ ਕੋਈ ਲਾਜਮੀ ਪਾਰਟੀ ਨਿਯਮ ਨਹੀਂ ਸਗੋਂ ਰਿਵਾਇਤ ਜਿਹੀ ਬਣ ਗਈ ਸੀ। ਅਜਾਦੀ ਉਪਰੰਤ 1950 ਤੋਂ 1990 ਦੇ ਦਹਾਕੇ ਤੱਕ ਸਿਆਸੀ ਪਾਰਟੀਆਂ ਦੇ ਆਗੂਆਂ ਵਿੱਚ ਪੱਗਾਂ ਦੇ ਰੰਗ ਦੀ ਆਪਣੀ ਪਛਾਣ ਦੇਖਣ ਨੂੰ ਮਿਲਦੀ ਸੀ।

ਇਸੇ ਲੜੀ ਮੁਤਾਬਕ ਕਾਂਗਰਸ ਦੇ ਆਗੂਆਂ ਦੀ ਪੱਗ ਦਾ ਰੰਗ ਚਿੱਟਾ ਹੁੰਦਾ ਸੀ ਜੋ ਕਾਂਗਰਸੀਆਂ ਦੀ ਪਛਾਣ ਆਈਕਾਨ ਮੰਨਿਆ ਜਾਂਦਾ ਸੀ। ਇਹ ਅਲਹਿਦਾ ਹੈ ਕਿ ਇਹ ਵੇਲ ਹੁਣ ਮੁਰਝਾ ਗਈ ਹੈ। ਮਰਹੂਮ ਪ੍ਰਤਾਪ ਸਿੰਘ ਕੈਰੋਂ ਆਪਣੇ ਜੀਵਨ ਦੇ ਅੰਤ ਤੱਕ ਚਿੱਟੇ ਰੰਗ ਦੀ ਪੱਗ ਬੰਨ੍ਹਦੇ ਰਹੇ ਹਨ ਜਦੋਂਕਿ ਗਿਆਨੀ ਜੈਲ ਸਿੰਘ ਵੱਲੋਂ ਰਾਸ਼ਟਰਪਤੀ ਬਣਨ ਤੋਂ ਬਾਅਦ ਵੀ ਹਮੇਸ਼ਾ ਚਿੱਟੀ ਪੱਗ ਬੰਨ੍ਹੀ ਜਾਂਦੀ ਰਹੀ ਹੈ। ਮਰਹੂਮ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਵੀ ਅਕਸਰ ਚਿੱਟੀ ਪਗੜੀ ਪਹਿਨੇ ਹੀ ਦੇਖਿਆ ਜਾਂਦਾ ਰਿਹਾ ਹੈ। ਬਠਿੰਡਾ ਦੇ ਇੱਕ ਸਾਬਕਾ ਕੱਟੜ ਕਾਂਗਰਸੀ ਕੌਂਸਲਰ ਨੂੰ ਹੁਣ ਵੀ ਸਫੇਦ ਰੰਗ ਦੀ ਪਗੜੀ ਪਹਿਨੇ ਹੋਏ ਦੇਖਿਆ ਜਾ ਸਕਦਾ ਹੈ । ਦਿਲਚਸਪ ਗੱਲ ਇਹ ਵੀ ਹੈ ਕਿ 1990 ਵਿਆਂ ਮਗਰੋਂ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਕਾਂਗਰਸੀ ਆਗੂਆਂ ਨੇ ਚਿੱਟੀ ਦੀ ਥਾਂ ਗੁਲਾਬੀ , ਹਲਕੀ ਨੀਲੀ ਅਤੇ ਹੋਰ ਰੰਗਾਂ ਦੀਆਂ ਪੱਗਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਪਰਾਣੀ ਸਿਆਸੀ ਪਛਾਣ ਦੇ ਹਿਸਾਬ ਨਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਪੱਗ ਦਾ ਰੰਗ ਗੂੜ੍ਹਾ ਨੀਲਾ ਅਤੇ ਕੁੜਤਾ ਪਜਾਮਾ ਚਿੱਟਾ ਹੋਇਆ ਕਰਦਾ ਸੀ। ਅਕਾਲੀ ਦਲ ਦੇ ਜਿਆਦਾਤਰ ਆਗੂ ਅੱਜ ਵੀ ਇਹ ਪਹਿਰਾਵਾ ਪਹਿਨਦੇ ਹਨ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦਾ ਮੰਨੇ ਜਾਂਦੇ ਇਸ ਪਹਿਰਾਵੇ ਦੀ ਪ੍ਰਮੁੱਖ ਉਦਾਹਰਨ ਹਨ ਅਤੇ ਉਨ੍ਹਾਂ ਦੇ ਲੜਕੇ ਸੁਖਬੀਰ ਸਿੰਘ ਬਾਦਲ ਦਾ ਵੀ ਇਹੋ ਪਹਿਰਾਵਾ ਹੈ। ਭਾਜਪਾ ਆਗੂ ਅਤੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਜਦੋਂ ਸ਼੍ਰੋਮਣੀ ਅਕਾਲੀ ਦਲ 'ਚ ਸਨ ਤਾਂ ਉਦੋਂ ਪਾਰਟੀ ਵਾਲੇ ਨੀਲੇ ਰੰਗ ਦੀ ਪੱਗ ਬੰਨ੍ਹਿਆ ਕਰਦੇ ਸਨ। ਪੀਪਲਜ਼ ਪਾਰਟੀ ਆਫ ਪੰਜਾਬ ਬਨਾਉਣ ਤੋਂ ਬਾਅਦ ਮਨਪ੍ਰੀਤ ਬਾਦਲ ਦੀ ਪੱਗ ਦਾ ਰੰਗ ਬਦਲ ਗਿਆ ਸੀ। ਕਾਂਗਰਸ 'ਚ ਸ਼ਾਮਲ ਹੋਣ ਉਪਰੰਤ ਮਨਪ੍ਰੀਤ ਨੇ ਚਿੱਟੇ ਰੰਗ ਤੋਂ ਇਲਾਵਾ ਹਲਕੇ ਗੁਲਾਬੀ ਆਦਿ ਰੰਗਾਂ ਦੀ ਪੱਗ ਬੰਨਣੀ ਸ਼ੁਰੂ ਕਰ ਦਿੱਤੀ ਸੀ।

ਭਾਜਪਾ 'ਚ ਸ਼ਮੂਲੀਅਤ ਮਗਰੋਂ ਮਨਪ੍ਰੀਤ ਬਾਦਲ ਦੇ ਕਦੇ ਵੀ ਭਗਵੇ ਰੰਗ ਦੀ ਪੱਗ ਬੰਨ੍ਹੀ ਨਹੀਂ ਦੇਖੀ ਗਈ ਹੈ। ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਸਾਥੀ ਸਵਰਗਵਾਸੀ ਗੁਰਚਰਨ ਸਿੰਘ ਟੌਹੜਾ ਵੱਲੋਂ ਹਮੇਸ਼ਾ ਕਾਲੀ ਜਿਹੀ ਭਾਅ ਮਾਰਨ ਵਾਲੇ ਨੀਲੇ ਰੰਗ ਦੀ ਪੱਗ ਬੰਨੀ ਜਾਂਦੀ ਸੀ ਜਿਸ ਨੂੰ 'ਟੌਹੜਾ ਬਲਿਊ ' ਵੀ ਕਿਹਾ ਜਾਂਦਾ ਸੀ। ਜਦੋਂ ਕੋਈ ਇਸ ਰੰਗ ਦੀ ਪੱਗ ਬੰਨ੍ਹੇ ਹੋਏ ਦਿਖਾਈ ਦਿੰਦਾ ਤਾਂ ਉਸ ਨੂੰ ਇਹ ਦੱਸਣ ਦੀ ਜਰੂਰਤ ਨਹੀਂ ਪੈਂਦੀ ਸੀ ਕਿ ਉਸ ਦਾ ਸਬੰਧ ਟੌਹੜਾ ਧੜੇ ਨਾਲ ਹੈ। ਇੱਕ ਸੇਵਾਮੁਕਤ ਆਈਏਐਸ ਅਧਿਕਾਰੀ ਦਾ ਕਹਿਣਾ ਸੀ ਕਿ ਜਦੋਂ ਕੋਈ ਵਿਅਕਤੀ ਪਟਿਆਲਾ ਦੇ ਕਿਸੇ ਦਫਤਰ 'ਚ 'ਟੌਹੜਾ ਬਲਿਊ' ਪੱਗ ਬੰਨ੍ਹਕੇ ਜਾਂਦਾ ਤਾਂ ਉਸ ਨੂੰ ਟੌਹੜਾ ਜਿੰਨਾਂ ਹੀ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਟੌਹੜਾ ਨੇ ਆਪਣੀ ਵੱਖਰੀ ਪਾਰਟੀ ਬਣਾ ਲਈ ਤਾਂ ਟੌਹੜਾ ਬਲਿਊ ਰੰਗੀ ਪੱਗ ਬੰਨ੍ਹਣ ਵਾਲਿਆਂ ਦੀ ਵੁੱਕਤ ਵੀ ਘਟ ਗਈ ਸੀ।

ਹੋਰ ਸਿਆਸੀ ਰੰਗ ਵੀ ਮੌਜੂਦ

ਬਸੰਤੀ ਰੰਗ 2017 ਅਤੇ 2022 ਦੀਆਂ ਚੋਣਾਂ 'ਚ ਪਛਾਣ ਬਣਿਆ ਸੀ ਜਿਸ ਨੂੰ ਇਨਕਲਾਬ ,ਦੇਸ਼ ਭਗਤੀ ਅਤੇ ਸ਼ਹੀਦ ਭਗਤ ਸਿਘ ਦੀ ਵਿਰਾਸਤ ਨਾਲ ਜੋੜਿਆ ਜਾਂਦਾ ਹੈ। ਜਿੱਤ ਪਿੱਛੋਂ ਜਦੋਂ ਆਮ ਆਦਮੀ ਪਾਰਟੀ ਦੇ ਜਿਆਦਾਤਰ ਆਗੂਆਂ ਨੇ ਬਸੰਤੀ ਪੱਗਾਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ ਸਨ। ਵਾਰਿਸ ਪੰਜਾਬ ਦੇ ਅਤੇ ਹੋਰ ਅਕਾਲੀ ਦਲਾਂ ਦੇ ਕਾਫੀ ਨੇਤਾ ਕੇਸਰੀ ਰੰਗ ਦੀ ਪੱਗ ਬੰਨ੍ਹਦੇ ਹਨ। ਅਕਾਲੀ ਆਗੂ ਸਿਮਰਨਜੀਤ ਸਿੰਘ ਮਾਨ ਵੱਲੋਂ ਗੂੜ੍ਹੀ ਨੀਲੀ ਪੱਗ ਬੰਨ੍ਹੀ ਜਾਂਦੀ ਹੈ। ਕਮਿਊਨਿਸਟ ਆਗੂ ਗੂੜ੍ਹੇ ਲਾਲ ਰੰਗ ਦੀ ਪੱਗ ਬੰਨ੍ਹਦੇ ਸਨ।

"ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ" ਨੇ ਪੱਤਰਕਾਰਾਂ ਦੀ ਸੁਰੱਖਿਆ, ਹੱਕਾਂ ਅਤੇ ਆਜ਼ਾਦੀ 'ਤੇ ਦਿੱਤਾ ਜ਼ੋਰ

ਸਾਂਝੀ ਖ਼ਬਰ

ਸਰਕਾਰਾਂ ਅਤੇ ਪ੍ਰਸ਼ਾਸਨ ਦਾ ਇਹ ਮੁੱਖ ਫਰਜ਼ ਬਣਦਾ ਹੈ ਕਿ ਉਹ ਪੱਤਰਕਾਰਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਨ : ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ



(ਤਰਸੇਮ ਦੀਵਾਨਾ)
ਹੁਸ਼ਿਆਰਪੁਰ, 2 ਨਵੰਬਰ

'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ.) ਪੰਜਾਬ' ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ 2 ਨਵੰਬਰ 'ਅੰਤਰਰਾਸ਼ਟਰੀ ਪੱਤਰਕਾਰ ਸੁਰੱਖਿਆ ਦਿਵਸ' ਦੇ ਮੌਕੇ 'ਤੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਨਿੱਘੀ ਵਧਾਈ ਦਿੱਤੀ ਹੈ ਅਤੇ ਪੱਤਰਕਾਰਾਂ ਦੀ ਸੁਰੱਖਿਆ, ਹੱਕਾਂ ਅਤੇ ਆਜ਼ਾਦੀ 'ਤੇ ਜ਼ੋਰ ਦਿੱਤਾ ਹੈ। ਇਸ ਮੌਕੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਮੀਡੀਆ ਜਗਤ ਲਈ ਵਿਸ਼ੇਸ਼ ਸੁਨੇਹੇ ਨੂੰ ਸਾਂਝਾ ਕਰਦਿਆਂ ਕਿਹਾ ਕਿ "ਸੱਚਾਈ ਦੀ ਆਵਾਜ਼ ਕਦੇ ਦਬਣੀ ਨਹੀਂ ਚਾਹੀਦੀ, ਕਿਉਂਕਿ ਸੁਤੰਤਰ ਪੱਤਰ-ਕਾਰਤਾ ਹੀ ਲੋਕੰਤਰ ਦੀ ਅਸਲੀ ਤਾਕਤ ਹੈ।" ਉਨ੍ਹਾਂ ਕਿਹਾ ਕਿ ਪੱਤਰਕਾਰ ਸਮਾਜ ਦਾ ਉਹ ਅਹਿਮ ਥੰਮ੍ਹ ਹਨ ਜੋ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦਿਨ-ਰਾਤ ਮਿਹਨਤ ਕਰਕੇ ਸੱਚਾਈ ਨੂੰ ਜਨਤਾ ਦੇ ਸਾਹਮਣੇ ਲਿਆਉਂਦੇ ਹਨ। ਸ੍ਰੀ ਸੈਣੀ ਨੇ ਅੱਗੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਮੈਦਾਨ ਵਿੱਚ ਕੰਮ ਕਰ ਰਹੇ ਪੱਤਰਕਾਰਾਂ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਅਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਇਹ ਮੁੱਖ ਫਰਜ਼ ਬਣਦਾ ਹੈ ਕਿ ਉਹ ਪੱਤਰਕਾਰਾਂ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਨ ਤਾਂ ਜੋ ਉਹ ਬਿਨਾਂ ਕਿਸੇ ਡਰ, ਭੈਅ ਜਾਂ ਦਬਾਅ ਦੇ ਆਪਣੀ ਪੇਸ਼ੇਵਰ ਡਿਊਟੀ ਨਿਰਪੱਖ ਹੋ ਕੇ ਨਿਭਾ ਸਕਣ। 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ' ਹਮੇਸ਼ਾ ਪੱਤਰਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਪੱਤਰਕਾਰ ਭਾਈਚਾਰੇ ਦੀ ਭਲਾਈ ਲਈ ਆਪਣੇ ਯਤਨ ਜਾਰੀ ਰੱਖੇਗੀ।

'ਆਪ' ਵਿਧਾਇਕਾਂ ਦੇ ਭਾਜਪਾ 'ਚ ਜਾਣ 'ਤੇ ਦੇਖੋ ਕੀ ਬੋਲੇ ਸਚਿਨ ਪਾਇਲਟ

ਸਾਂਝੀ ਖ਼ਬਰ



(ਕੁਲਦੀਪ ਸਿੰਘ)
ਭਵਾਨੀਗੜ੍ਹ, 2 ਨਵੰਬਰ

ਪੰਜਾਬ ਵਿਚ 4 ਨਵੰਬਰ ਨੂੰ ਸੰਗਰੂਰ ਦੇ ਭਵਾਨੀਗੜ੍ਹ ਨੇੜੇ ਕਾਂਗਰਸ ਵੱਲੋਂ ਕੀਤੀ ਜਾਣ ਵਾਲੀ ਇਨਸਾਫ਼ ਰੈਲੀ ਨੂੰ ਲੈ ਕੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਵੱਲੋਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ। ਇਸੇ ਸਬੰਧ ਵਿਚ ਸੋਮਵਾਰ ਨੂੰ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਨੇ ਪਿੰਡ ਫੱਗੂਵਾਲਾ ਵਿਖੇ ਰੈਲੀ ਵਾਲੀ ਥਾਂ ਪਹੁੰਚ ਕੇ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਵੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਚਿਨ ਪਾਇਲਟ ਨੇ ਭਾਰਤੀ ਜਨਤਾ ਪਾਰਟੀ 'ਤੇ ਵਿਰੋਧੀ ਪਾਰਟੀਆਂ ਨੂੰ ਤੋੜਨ ਦੀ ਰਾਜਨੀਤੀ ਕਰਨ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਭਾਜਪਾ ਪਹਿਲਾਂ ਵੀ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਜੋੜ-ਤੋੜ ਦੀ ਰਾਜਨੀਤੀ ਰਾਹੀਂ ਸੱਤਾ ਹਾਸਲ ਕਰਦੀ ਰਹੀ ਹੈ ਤੇ ਹੁਣ ਪੰਜਾਬ ਵਿਚ ਵੀ ਇਸੇ ਤਰਜ਼ 'ਤੇ ਕੰਮ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਅਣਖੀ ਲੋਕ ਭਾਜਪਾ ਦੀਆਂ ਅਜਿਹੀਆਂ ਕੋਸ਼ਿਸ਼ਾਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਪਾਇਲਟ ਨੇ ਕਿਹਾ ਕਿ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲੜਨ ਲਈ ਭਾਜਪਾ ਵੱਲੋਂ ਦੂਜੀਆਂ ਪਾਰਟੀਆਂ ਦੇ ਆਗੂਆਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਆਮ ਆਦਮੀ ਪਾਰਟੀ ਛੱਡਣ ਵਾਲੇ ਵਿਧਾਇਕਾਂ ਨੂੰ ਅਗਲੇ ਹੀ ਦਿਨ ਭਾਜਪਾ ਵਿਚ ਸ਼ਾਮਲ ਕਰਨਾ ਹੈ। ਉਨ੍ਹਾਂ ਸਵਾਲ ਦੇ ਜਵਾਬ 'ਚ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਖ਼ਤਮ ਹੋ ਚੁੱਕਾ ਹੈ। ਪੰਜਾਬ ਦੀ ਕਾਨੂੰਨ ਵਿਵਸਥਾ ਤੇ ਸੂਬੇ ਵਿਚ ਨਸ਼ਿਆਂ ਦੇ ਵਧਦੇ ਜਾਲ ਨੂੰ ਲੈ ਕੇ ਭਗਵੰਤ ਮਾਨ ਸਰਕਾਰ ਨੂੰ ਘੇਰਦਿਆਂ ਉਨ੍ਹਾਂ ਕਿਹਾ ਕਿ ਸੂਬੇ 'ਚ ਅਮਨ-ਕਾਨੂੰਨ ਦੀ ਸਥਿਤੀ ਤੇ ਨਸ਼ਿਆਂ ਦੀ ਸਮੱਸਿਆ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ।



ਪੰਜਾਬ ਦੇ ਮੁਲਾਜ਼ਮਾਂ ਦੇ ਡੀ. ਏ. ਮਾਮਲੇ 'ਤੇ ਨਵੀਂ ਅਪਡੇਟ

ਸਾਂਝੀ ਖ਼ਬਰ



(ਕੁਲਦੀਪ ਸਿੰਘ)
ਚੰਡੀਗੜ੍ਹ, 2 ਨਵੰਬਰ


ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਦੇ ਡੀ. ਏ. ਬਕਾਏ ਮਾਮਲੇ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਅੱਜ ਫਿਰ ਸੁਣਵਾਈ ਹੋਈ। ਅਦਾਲਤ 'ਚ ਸੁਣਵਾਈ ਦੌਰਾਨ ਦਾਇਰ ਹਲਫ਼ਨਾਮੇ 'ਚ ਸੂਬਾ ਸਰਕਾਰ ਨੇ ਮੰਨਿਆ ਕਿ 1 ਜੁਲਾਈ 2021 ਤੋਂ 30 ਸਤੰਬਰ 2026 ਤੱਕ ਡੀ. ਏ. ਅਤੇ ਮਹਿੰਗਾਈ ਰਾਹਤ ਦੇ ਬਕਾਏ ਦੀ ਦੇਣਦਾਰੀ 22,818 ਕਰੋੜ ਰੁਪਏ ਤੱਕ ਪਹੁੰਚ ਗਈ ਹੈ।

ਇਸ ਤੋਂ ਇਲਾਵਾ ਜੇਕਰ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੇ ਬਰਾਬਰ ਦਰ ਨਾਲ ਮਹਿੰਗਾਈ ਭੱਤਾ ਦਿੱਤਾ ਜਾਂਦਾ ਹੈ ਤਾਂ 4,712 ਕਰੋੜ ਦਾ ਸਰਕਾਰੀ ਖਜ਼ਾਨੇ 'ਤੇ ਬੋਝ ਪਵੇਗਾ। ਦੋਹਾਂ ਦਾਅਵਿਆਂ ਨੂੰ ਮਿਲਾ ਕੇ ਸੂਬੇ ਦੀ ਕੁੱਲ ਬਕਾਇਆ ਦੇਣਦਾਰੀ ਕਰੀਬ 32,418 ਕਰੋੜ ਰੁਪਏ ਹੈ।

ਸਰਕਾਰ ਨੇ ਸਪੱਸ਼ਟ ਕੀਤਾ ਕਿ ਹਾਈਕੋਰਟ ਦੇ 3 ਅਗਸਤ ਦੇ ਫ਼ੈਸਲੇ 'ਤੇ ਅਮਲ ਕਰਨਾ ਉਸ ਦੀ ਜ਼ਿੰਮੇਵਾਰੀ ਹੈ। ਮੁੱਖ ਸਕੱਤਰ ਨੇ ਹਲਫ਼ਨਾਮੇ 'ਚ ਮੰਨਿਆ ਕਿ ਹਾਈਕੋਰਟ ਦੇ ਹੁਕਮਾਂ ਮੁਤਾਬਕ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਡੀ. ਏ. ਦਾ ਬਕਾਇਆ 6 ਫ਼ੀਸਦੀ ਸਲਾਨਾ ਵਿਆਜ ਨਾਲ ਦੇਣਾ ਹੋਵੇਗਾ।



ਅਦਾਰਾ ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ, ਖਬਰਾਂ ਆਰਟੀਕਲਾਂ ਅਤੇ ਹੋਰ ਮੈਟਰ ਦੀ ਪੁਸ਼ਟੀ ਨਹੀ ਕਰਦਾ ਹੈ ਜਿਸਦੇ ਲਈ ਭੇਜਣ ਵਾਲੇ ਖੁਦ ਜਿੰਮੇਵਾਰ ਹੋਣਗੇ। ਰੋਜ਼ਾਨਾ ਸਾਂਝੀ ਖ਼ਬਰ ਵਿੱਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ ਵਿਵਾਦ ਸਬੰਧੀ ਕੇਸ਼ਾਂ ਦਾ ਨਿਪਟਾਰਾ ਸਿਰਫ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ ਵਿੱਚ ਹੋਵੇਗਾ।
ਮਾਲਕ ਨਰਿੰਦਰ ਜੱਗਾ ਪ੍ਰਕਾਸ਼ਿਕ ਪ੍ਰਿੰਟਰ ਅਤੇ ਮੁੱਖ ਸੰਪਾਦਕ ਪੀ ਐਸ ਮਿੱਠਾ, ਸਹਿ ਸੰਪਾਦਕ ਸੰਦੀਪ ਸਿਘ
ਨੇ ਰੋਜ਼ਾਨਾ ਸਾਂਝੀ ਖ਼ਬਰ ਦਾ ਇਹ ਡਿਜੀਟਲ ਐਡੀਸ਼ਨ ਪਟਿਆਲਾ ਰੋਡ ਨੇੜੇ ਪੰਜਾਬ ਐਂਡ ਸਿੰਧ ਬੈਂਕ ਜੀਰਕੁਪਰ ਜਿਲ੍ਹਾ ਮੋਹਾਲੀ ਪੰਜਾਬ ਤੋਂ ਰਿਲੀਜ਼ ਕੀਤਾ ਹੈ


SINCE 1978
AMRIK DHABA
PURE VEG
BREAKFAST, LUNCH, DINNER
ORDER ONLINE ON
zomato
SWIGGY
FULLY AC
HEAD OFFICE : MEHNA CHOWK BATHINDA.
PHONE : 0164-5007071, 9814129629.

ਅੰਮ੍ਰਿਤ ਪਵਾਰ
62804 94562



ਛੱਤੀ ਸਾਲ ਅਦਾਕਾਰੀ ਦੇ ਜੀਉ ਯੁੱਗ ਯੁੱਗ ਹਰਪਿੰਦਰ ਪਿਉਰੀ




ਹਰਪਿੰਦਰ ਪਿਉਰੀ ਪੰਜਾਬੀ ਮਨੋਰੰਜਨ ਸੰਸਾਰ ਦਾ ਆਪਣੇ ਆਪ ਚ ਇੱਕ ਸਟਾਰ ਹੈ।ਓਸ ਨੇ 36 ਸਾਲ ਦਾ ਐਕਟਿੰਗ ਸਫ਼ਰ ਸਫਲਤਾ ਨਾਲ ਤਹਿ ਕੀਤਾ ਹੈ ਥੀਏਟਰ ਦੇ ਇਹ ਪਿਓਰੀ ਸਾਥ ਰਾਜਾ ਹਨ ਤੇ ਓਹਨਾਂ ਦੀ ਐਕਟਿੰਗ ਮਾਲਵੇ ਦੀ ਸ਼ਾਨ ਵਧਾਉਂਦੀ ਰਹੀ ਹੈ।ਨਾਟਕ "ਪਿੰਡ ਦੀ ਕਹਾਣੀ" ਨਾਲ 1988 ਚ ਕੀਤੇ ਰੰਗਮੰਚ ਦੇ ਸਫ਼ਰ ਨੇ "ਭਤਿੰਡਾ" ਜਿਹੇ ਨਾਟਕਾਂ ਨਾਲ ਓਹਨਾਂ ਦੇ ਦਿਲ ਨੂੰ ਸੰਤੁਸ਼ਟੀ ਦਿੱਤੀ ਤੇ ਫ਼ਿਰ 1988 ਤੋਂ 2024 ਤੱਕ ਰੰਗਮੰਚ ਯਾਤਰਾ ਕਾਮਯਾਬ ਰਹੀ।ਰੰਗਮੰਚ ਕਰਨ ਵਾਲਾ ਮਾਹਿਰ ਐਕਟਰ ਹੁੰਦਾ ਤੇ ਹਰਪਿੰਦਰ ਨੇ ਪੰਜਾਬੀ ਫ਼ਿਲਮਾਂ ਚ ਕੰਮ ਕਰ ਆਪਣਾ ਫ਼ਿਲਮੀ ਸੁਪਨਾ ਪੂਰਾ ਕੀਤਾ ਤੇ ਇਹ ਸਫ਼ਰ ਜ਼ਾਰੀ ਹੈ, ਪਿੱਛੇ ਜਿਹੇ ਹੀ ਇਹਨਾਂ ਦੀ ਫ਼ਿਲਮ "ਦੂਜਾ ਵਿਆਹ" ਆਈ ਸੀ।ਪੰਜਾਬੀ ਦੇ ਨਾਲ ਓਹਨਾਂ ਬਾਲੀਵੁੱਡ ਫਿਲਮਾਂ ਵੀ ਕੀਤੀਆਂ ਤੇ "ਜਰਸੀ " ਪ੍ਰਮੁੱਖ ਹੈ।ਟੀਵੀ ਸੀਰੀਅਲ, ਸ਼ੋਰਟ ਫ਼ਿਲਮਾਂ ਹਰਪਿੰਦਰ ਦੇ ਅਨੇਕਾਂ ਮਾਨ ਸਨਮਾਨ ਓਸ ਦੀ ਬੈਠਕ ਦਾ ਸ਼ਿੰਗਾਰ ਹਨ । ਇਸ ਦੀਵਾਲੀ ਤੇ ਉਮੀਦ ਕਰਦੇ ਹਾਂ ਕਿ ਪਰਿਵਾਰਕ ਖੁਸ਼ੀਆਂ ਦੇ ਨਾਲ ਓਹਨਾਂ ਦਾ ਐਕਟਿੰਗ ਸਫ਼ਰ ਸਫਲਤਾ ਪੂਰਵਕ ਜ਼ਾਰੀ ਰਹੇ।36 ਸਾਲ ਦੀ ਐਕਟਿੰਗ

ਦਿਵਿਤ ਦੇ ਜਾਣ ਤੇ ਤੇਜ਼ਵੰਤ ਕਿੱਟੂ ਦੀ ਭਾਵੁਕਤਾ_ਦਿਨੇਸ਼ ਨਾਲ ਹਮਦਰਦੀ



ਤੇਜਵੰਤ ਕਿੱਟੂ ਵਿਸ਼ਵ ਪੱਧਰ ਦੇ ਮਿਊਜ਼ਿਕ ਡਾਇਰੈਕਟਰ ਤੇ ਕੰਪੋਜਰ ਹਨ। ਇੱਕ ਵਾਪਰੇ ਕਹਿਰ ਜਿਸ ਸਪੀਡ ਰਿਕਾਰਡਜ਼ ਦੇ ਦਿਨੇਸ਼ ਔਲਖ ਦੇ ਹੀਰੇ ਜਿਹੇ ਯੁਵਾ ਬੇਟੇ ਦੀਵਤ ਦੀ ਜਾਨ ਲਈ ਤੇ ਤੇਜਵੰਤ ਕਿੱਟੂ ਦੀਆਂ ਕਨੇਡਾ ਬੈਠੇ ਅੱਖਾਂ ਨਮ ਹੋਈਆਂ ਤੇ ਇਹਨਾਂ ਆਪਣੇ ਸੋਸ਼ਲ ਮੀਡੀਆ ਤੇ ਲਿਖਿਆ ਕਿ ...ਵੱਡੇ ਵੱਡੇ ਗਾਇਕ ਜਿਹੜੇ ਲੋਕਾਂ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰਦੇ ਹਨ ,ਉਨ੍ਹਾਂ ਦੇ ajitmagazine@gmail.com ਘਰ ਖੁਸ਼ੀਆਂ ਵੰਡਣ ਵਾਲੇ ਸਪੀਡ ਰਿਕਾਰਡ ਦੇ ਮਾਲਿਕ ਦਿਨੇਸ਼ ਔਲਖ ਦਾ ਘਰ ਰੱਬ ਦੇ ਕਹਿਰ ਨਾਲ਼ ਦੁੱਖਾਂ ਦਾ ਪਹਾੜ ਬਣਿਆ ਪਿਆ ਹੈ । ਜਵਾਨ, ਹੋਣਹਾਰ ਪੁੱਤ ਦਾ ਇੱਕ ਐਕਸੀਡੈਂਟ ਵਿੱਚ ਏਦਾਂ ਚਲੇ ਜਾਣਾ ਬਹੁਤ ਦੁਖਦਾਈ ਹੈ ।ਦਿਨੇਸ਼ ਨਾਲ਼ ਹਰ ਪੰਜਾਬੀ ਹਮਦਰਦ ਬਣ ਕੇ ਖੜ੍ਹਾ ਹੈ ਪਰ ਪੁੱਤ ਨੂੰ ਕੋਈ ਵਾਪਿਸ ਨਹੀਂ ਲਿਆ ਸਕਦਾ....ਵਾਹਿਗੁਰੂ ਜੀ ਭਾਣਾ ਮੰਨਣ ਦਾ ਬਲ ਬਖ਼ਸ਼ੇ।ਦਿਨੇਸ਼ ਔਲਖ ਤੇ ਬਬੀਤਾ ਔਲਖ ਘਰੇ ਹਰ ਕਲਾਕਾਰ , ਫਿਲਮਕਾਰ ਸੰਗੀਤਕਾਰ ਇੰਡਸਟਰੀ ਦੇ ਲੋਕ ਅਫ਼ਸੋਸ ਲਈ ਆ ਰਹੇ ਨੇ ।ਅੱਜ 3 ਨਵੰਬਰ ਨੂੰ ਦੀਵਿਤ ਦਾ ਅੰਤਿਮ ਸੰਸਕਾਰ ਕ੍ਰਿਮੇਸ਼ਨ ਗਰਾਊਂਡ ਮਾਡਲ ਟਾਊਨ ਚ ਅੰਤਿਮ ਸੰਸਕਾਰ ਤਾਂ ਭੁੱਬਾਂ ਮਾਰਦੀ ਖੁਦਾਈ ਦੇਖੀ ਨਹੀਂ ਜਾਣੀ ਪਰ ਬਲ ਦੇਵੇ ਅਕਾਲ ਪੁਰਖ ਤੇਜਵੰਤ ਕਿੱਟੂ ਹੋਰਾਂ ਕਿਹਾ ਹੈ।_ਅੰਮ੍ਰਿਤ ਪਵਾਰ।

ਸੋਹਲ ਰਿਕਾਰਡਜ਼ ਨੇ ਬਣਾਈ ਸੁਮਨ ਭੱਟੀ ਲਾਡੋ



ਫ਼ਿਲਮ ਨਿਰਮਾਤਾ ਕਸ਼ਮੀਰ ਸਿੰਘ ਸੋਹਲ ਦੀ ਆਪਣੀ ਮਿਊਜ਼ਿਕ ਕੰਪਨੀ ਸੋਹਲ ਰਿਕਾਰਡਜ਼ ਹੈ ਤੇ ਇਸ ਨੇ ਸਟਾਰ ਸਿੰਗਰ ਸੁਮਨ ਭੱਟੀ ਨੂੰ ਰਿਕਾਰਡ ਕਰ ਵੀਡੀਓ ਬਣਾ ਸ਼ਾਨ ਨਾਲ਼ ਓਸ ਦਾ ਐਲਬਮ "ਲਾਡੋ" ਲਿਆਉਣ ਦਾ ਐਲਾਨ ਕੀਤਾ ਹੈ।ਇਸ ਦਾ ਵੀਡੀਓ ਸਨਮ ਬਜਾਜ ਨੇ ਬਣਾ ਕਿ ਦਿੱਤਾ ਹੈ ਤੇ ਮੁੱਖ ਮਾਡਲ ਚਾਹਤ ਕਥੂਰੀਆ ਹੈ ਜਦ ਕਿ ਨੀਤੂ ਨੇ ਵੀ ਵੀਡੀਓ ਮਾਡਲ ਬਣ ਕੰਮ ਕੀਤਾ ਹੈ।ਜੱਗਾ ਚੌਂਕੀਮਾਨ ਨੇ "ਲਾਡੋ " ਗੀਤ ਲਿਖਿਆ ਹੈ ਤੇ ਮਿਊਜ਼ਿਕ ਸਟੇਤਿਕ ਦਾ ਤਿਆਰ ਕੀਤਾ ਹੋਇਆ ਹੈ।ਕਸ਼ਮੀਰ ਸਿੰਘ ਸੋਹਲ ਤੇ ਕੁਲਜੀਤ ਸਿੰਘ ਖਾਲਸਾ ਇਸ ਐਲਬਮ "ਲਾਡੋ" ਦੇ ਨਿਰਮਾਤਾ ਹਨ।ਗਾਇਕਾ ਸੁਮਨ ਭੱਟੀ ਦੇ ਇਸ ਐਲਬਮ ਦਾ ਪੋਸਟਰ ਇਸ ਵੇਲੇ ਖਿੱਚ ਦਾ ਕੇਂਦਰ ਏ ਤੇ ਇਸ ਤਰਾਂ ਇਸ ਗਾਣੇ ਦੇ ਚਲਣ ਦੀ ਪੂਰੀ ਪੂਰੀ ਸੰਭਾਵਨਾ ਹੈ।_ਅੰਮ੍ਰਿਤ ਪਵਾਰ।

ਨਿੰਮਾ ਤੇ ਗੁਰਮੀਤ ਪੇਜੋਚੱਕ ਬੋਲੇ ਸਟਾਰ ਗੀਤਕਾਰ ਬਲਜੀਤ ਮਚਰਾਵਾਂ



ਬਲਜੀਤ ਮਚਰਾਵਾਂ ਦੇ ਗੀਤ "ਇੰਸਟਾ-ਗ੍ਰਾਮ ਤੇ ਸਹੇਲੀਆਂ" ਨੇ ਅਮਰੀਕਾ ਚ ਧੁੰਮ ਮਚਾਈ, ਇੰਡੀਆ ਚ ਚਰਚਾ ਤੇ ਯੂ ਕੇ ਕਨੇਡਾ ਭਰਵਾਂ ਹੁੰਗਾਰਾ , ਨਰਿੰਦਰ ਮਾਵੀ ਗਾਇਕਾ ਤੇ ਅਸੀ ਇਹ ਦੁਆ ਕਰਦੇ ਹਾਂ ਕਿ ਇਸ ਤਰਾਂ ਬਲਜੀਤ ਸਟਾਰ ਗੀਤਕਾਰ ਬਣ ਇੰਡਸਟਰੀ ਚ ਆਪਣੀ ਚਾਹਤ ਪੂਰੀ ਕਰੇ।ਇਹ ਲਫਜ਼ ਬਲਜੀਤ ਨੂੰ ਇਸ ਗੀਤ ਲਈ ਪਾਰਟੀ ਦੇਣ ਆਏ ਗੀਤਕਾਰ ਨਿੰਮਾ ਬੋਬਾਂ ਵਾਲਾ ਤੇ ਗਾਇਕ ਗੁਰਮੀਤ ਪੇਜੋਚੱਕ ਨੇ ਆਖੇ।ਇਸ ਤੇ ਬਲਜੀਤ ਮਚਰਾਵਾਂ ਨੇ ਕਿਹਾ ਕਿ ਇਹ ਸਭ ਸਰੋਤੇ ਦਰਸ਼ਕ ਕਰ ਰਹੇ ਨੇ ਓਸ ਦੀ ਕੋਸ਼ਿਸ਼ ਸਮੇਂ ਦੀ ਨਬਜ਼ ਨਾਲ ਚਲਣ ਦੀ ਹੁੰਦੀ ਹੈ।ਯਾਦ ਰਹੇ ਨਿੰਮਾ ਤੇ ਪੇਜੋਚੱਕ ਗੁਰਮੀਤ ਵਕਤ ਵਕਤ ਤੇ ਖੁਦ ਵੀ ਵਧੀਆ ਗੀਤ ਸੰਗੀਤ ਦਿੰਦੇ ਆਏ ਨੇ ਤੇ ਬਲਜੀਤ ਨਾਲ ਓਹਨਾਂ ਦੀ ਦੋਸਤੀ ਖ਼ੂਬ ਨਿੱਭਦੀ ਹੈ।_ਅੰਮ੍ਰਿਤ ਪਵਾਰ।

ਨਸੀਬ ਰੰਧਾਵਾ ਨਿਰਦੇਸ਼ਤ ਆਏਗੀ ਫ਼ਿਲਮ _ਤੂੰ ਤੇ ਮੈਂ



ਲੋਰੀਆ ਐਂਟਰਟੇਨਮੈਂਟ ਨੇ ਡਾਇਰੈਕ-ਟਰ ਨਸੀਬ ਰੰਧਾਵਾ ਤੇ ਪੂਰਾ ਵਿਸ਼ਵਾਸ ਜਤਾਉਂਦੇ ਹੋਏ ਓਹਨਾਂ ਤੋਂ ਸਾਥੀ ਅਟਵਾਲ ਦੀ ਲਿਖੀ ਕਹਾਣੀ ਤੇ ਫ਼ਿਲਮ ਬਣਵਾਈ ਹੈ ਜਿਸ ਦਾ ਨਾਮ"ਤੂੰ ਤੇ ਮੈਂ" ਹੈ।ਨਸੀਬ ਰੰਧਾਵਾ ਦੇ ਨਿਰਦੇਸ਼ਨ ਚ ਆ ਰਹੀ ਇਸ ਫਿਲਮ ਗੀਤ ਵੀ ਸਹਬੀ ਅਟਵਾਲ ਨੇ ਰਚਿਆ ਹੈ । ਗੁਰਮੀਤ ਸਿੰਘ ਦਾ ਮਿਊਜ਼ਿਕ ਹੈ , ਮਤਲਬ ਨਸੀਬ ਰੰਧਾਵਾ ਡਾਇਰੈਕ-ਟਰ ਹੈ ਤਾਂ ਯੂਨਿਟ ਚੋਟੀ ਦਾ ਹੋਣਾ ਹੀ ਹੈ। ਅਰਮਾਨ ਇਸ ਫਿਲਮ ਦੇ ਡੀ ਓ ਪੀ ਹਨ।ਇਸ ਫਿਲਮ ਦਾ ਜਜ਼ਬਾਤੀ ਰੋਮਾਂਸ ਵਾਲਾ ਪੋਸਟਰ ਸੋਸ਼ਲ ਮੀਡੀਆ ਤੇ ਲੋਕ ਧਿਆਨ ਖਿੱਚ ਰਿਹਾ ਹੈ।ਕੁੱਝ ਰਿਸ਼ਤੇ ਦਿਲ ਨਾਲ ਨਹੀਂ ਕਿਸਮਤ ਨਾਲ ਟੁੱਟਦੇ ਨੇ ਇਸ ਸੰਵਾਦ ਤੇ ਅਧਾਰਿਤ "ਤੂੰ ਤੇ ਮੈਂ" ਨੌਜਵਾਨ ਦਰਸ਼ਕ ਜ਼ਰੂਰੀ ਖਿੱਚੇਗੀ ਸੰਭਾਵਨਾ ਸੌ ਫ਼ੀਸਦ ਹੈ।_ਅੰਮ੍ਰਿਤ ਪਵਾਰ।

ਹਰ ਕਦਮ ਉਤਸ਼ਾਹ ਲਖਵਿੰਦਰ ਵਡਾਲੀ ਦਾ_ਕੁਲਦੀਪ ਕਵਲ



ਕੁਲਦੀਪ ਕਵਲ ਮਾਡਲ ਨੇ ਐਕਟਰ ਨੇ ਗਾਇਕੀ ਵਿੱਚ ਵੀ ਸਰਗਰਮ ਹਨ ਤੇ ਖਾਸ ਗੱਲ ਇਹ ਕਿ ਓਹਨਾਂ ਲਈ ਗਾਇਕ ਲਖਵਿੰਦਰ ਵਡਾਲੀ ਇੱਕ ਭਰਾ , ਇੱਕ ਰੱਬ ਜਿਹੇ ਪਿਆਰੇ ਗਾਈਡ ਤੇ ਪ੍ਰਮੋਟਰ ਹਨ।ਕੁਲਦੀਪ ਕਵਲ ਨੇ ਕਿਹਾ ਕਿ ਗਾਇਕੀ ਲਈ ਵਡਾਲੀ ਵੀਰਾ ਜੀ ਮੈਨੂੰ ਕਈ ਟਿਪਸ ਦਿੰਦੇ ਨੇ ਤੇ ਪੂਰਾ ਯਕੀਨ ਹੈ ਕਿ ਕੁਲਦੀਪ ਕਵਲ ਨੂੰ ਗਾਇਕੀ ਵਿੱਚ ਪੂਰਾ ਉਤਸ਼ਾਹ ਮਿਲਦਾ ਰਿਹਾ ਤਾਂ ਓਹ ਜਲਦੀ ਆਪ ਕਵਲ ਦਾ ਟਰੈਕ ਲਾਂਚ ਕਰਨਗੇ।ਕੁਲਦੀਪ ਕਵਲ ਨੇ ਕਿਹਾ ਕਿ ਮਾਡਲ ਬਣ ਚਿਹਰੇ ਦੀ ਪਹਿਚਾਣ ਬਣੀ ਹੈ।ਕੁਲਦੀਪ ਕਵਲ ਐਕਟਿੰਗ ਵੀ ਕਰ ਲੈਂਦੇ ਨੇ ਤੇ ਹਰ ਕਦਮ ਤੇ ਸੂਫ਼ੀ ਗਾਇਕੀ ਦੇ ਰਾਜਾ ਲਖਵਿੰਦਰ ਵਡਾਲੀ ਦਾ ਇੱਕ ਹੰਭਲਾ ਵੱਜ ਗਿਆ ਤਾਂ ਕੁਲਦੀਪ ਕਵਲ ਦਾ ਪਹਿਲਾ ਟਰੈਕ ਧੂਮ ਧਾਮ ਨਾਲ ਆਏਗਾ।ਚਲੋ ਦੁਆ ਕਰੀਏ ਇਹ ਵਡਾਲੀ /ਕਵਲ ਦਾ ਇਹ ਨਾਤਾ ਦਰਸ਼ਕਾਂ ਨੂੰ ਸਾਰਥਿਕ ਮਨੋਰੰਜਨ ਦੇਵੇ।_ਅੰਮ੍ਰਿਤ ਪਵਾਰ।

ਗੁੱਗੂ ਗਿੱਲ ਨਾਲ "ਸ਼ਿਕਾਰੀ" ਬਣਿਆ _ਪਾਲੀ ਮਾਂਗਟ



ਪੰਜਾਬੀ ਵੈੱਬ ਸੀਰੀਜ "ਸ਼ਿਕਾਰੀ ਨੂੰ ਲੋਕਾਂ ਦਾ ਵਧੀਆ ਪ੍ਰਤੀਕਰਮ ਮਿਲਿਆ ਹੈ ਤੇ ਇਸ ਤੋਂ ਖੁਸ਼ ਮੇਕਰ ਲੋਕਾਂ ਵੱਲੋਂ ਵੈੱਬ ਸੀਰੀਜ਼" ਸ਼ਿਕਾਰੀ " ਦੀ ਤੀਜੀ ਕਿਸ਼ਤ ਤਿਆਰ ਹੋਣ ਦੇ ਨਜ਼ਦੀਕ ਹੈ।ਖਾਸ ਗੱਲ ਕਿ ਦਿੱਗਜ ਕਲਾਕਾਰ ਗੁੱਗੂ ਗਿੱਲ ਇਸ ਸੀਰੀਜ਼ ਚ ਹਨ ਤੇ ਹੁਣ ਪੰਜਾਬੀ ਫ਼ਿਲਮ ਕਲਾਕਾਰ ਪਾਲੀ ਮਾਂਗਟ ਨੂੰ ਵੀ ਇਸ ਚ ਅੱਛਾ ਕਿਰਦਾਰ ਮਿਲਿਆ ਹੈ।ਮਨੀਸ਼ ਭੱਟ ਇਸ " ਸ਼ਿਕਾਰੀ " ਨੂੰ ਨਿਰਦੇਸ਼ਤ ਕਰ ਰਹੇ ਹਨ ਤੇ ਖਾਸ ਇਹ ਕਿ ਪ੍ਰਿੰਸ ਕੰਵਲਜੀਤ ਸਿੰਘ ਵੀ ਇਸ ਸੀਰੀਜ਼ ਚ ਹਨ ਤੇ ਇਸ ਤਰਾਂ ਪਾਲੀ ਮਾਂਗਟ ਲਈ ਇਹਨਾਂ ਸਟਾਰ ਕਲਾਕਾਰ ਲੋਕਾਂ ਨਾਲ ਕੰਮ ਕਰਨ ਦਾ ਅਹਿਮ ਮੌਕਾ ਮਿਲਿਆ ਹੈ। ਪਾਲੀ ਅਨੁਸਾਰ ਓਹਨਾਂ ਦਾ ਕੰਮ ਇਸ ਚ ਅਲੱਗ ਤਰ੍ਹਾਂ ਦਾ ਹੈ ਤੇ ਇਸ ਦੀ ਤੀਜੀ ਕਿਸ਼ਤ ਤਕਰੀਬਨ ਤਿਆਰ ਹੈ ਤੇ ਜਲਦੀ ਹੀ ਦਰਸ਼ਕ " ਸ਼ਿਕਾਰੀ " ਦੀ ਤੀਜੀ ਕਿਸ਼ਤ ਨੂੰ ਦੇਖ ਸਕਣਗੇ।ਪਾਲੀ ਮਾਂਗਟ ਹੁਣ ਤੱਕ ਸਲਮਾਨ ਖਾਂ, ਜਾਨ ਅਬ੍ਰਾਹਮ ਨਾਲ ਫ਼ਿਲਮਜ਼ ਕਰ ਚੁੱਕੇ ਹਨ।_ਅੰਮ੍ਰਿਤ ਪਵਾਰ।

ਦੀਵਾਲੀ ਸਭ ਦੀ ਅੱਛੀ ਰਹੇ_, ਹਰਦੀਸ਼ ਕੌਰ ਬੈਂਸ



ਹਰਦੀਸ਼ ਕੌਰ ਬੈਂਸ ਟੀਵੀ ਤੇ ਫ਼ਿਲਮ ਐਕਟ੍ਰਸ ਦੇ ਨਾਲ ਕਹਾਣੀ ਲੇਖਿਕਾ ਫ਼ਿਲਮਾਂ ਤੇ ਗੀਤਕਾਰ ਦੇ ਨਾਲ ਗਾਇਕੀ ਚ ਵੀ ਹੈ। ਇੱਕ ਸ਼ੂਟਿੰਗ ਤੇ ਸਟਾਰ ਗਾਇਕ ਕਨਵਰ ਗਰੇਵਾਲ ਨਾਲ ਨਜ਼ਰ ਆਈ ਸਰਦਾਰਨੀ ਬੈਂਸ ਨੇ ਕਿਹਾ ਕਿ ਸੂਫ਼ੀ ਗਾਇਕੀ ਨੂੰ ਕਨਵਰ ਗਰੇਵਾਲ ਦੀ ਵੱਡੀ ਦੇਣ ਹੈ।ਓਹਨਾਂ ਕਿਹਾ ਕਿ ਤਿਉਹਾਰ ਦੀਵਾਲੀ ਤੇ ਓਹ ਅਰਦਾਸ ਕਰਦੀ ਹੈ ਕਿ ਸਭ ਲਈ ਇਹ ਦਿਨ ਸ਼ਾਂਤੀ , ਖੁਸ਼ੀ ਤੇ ਰੌਸ਼ਨ ਹੋਏ ਤੇ ਨਸ਼ੇ ਦੀ ਬਿਮਾਰੀ ਸਦਾ ਲਈ ਦਫਨ ਹੋਏ।_ਅੰਮ੍ਰਿਤ ਪਵਾਰ।

ਵੇਖ ਵੇ ਦਿਨ ਚੜ੍ਹਿਆ ਕਿ ਨਹੀਂ_ਮਨੋਹਰ ਧਾਰੀਵਾਲ/ਰੇਹਾਨਾ



ਗਾਇਕ ਮਨੋਹਰ ਧਾਰੀਵਾਲ ਪਰ ਹੁਣ ਗਾਇਕੀ ਸੌਂਕਿਆ ਕਿਉਂ ਕਿ ਹੁਣ ਪਤਨੀ ਸ਼੍ਰੀ ਪੰਜਾਬ ਦੀ ਹਰਮਨ ਪਿਆਰੀ ਸੂਫ਼ੀ ਤੇ ਦੋਗਾਣਾ ਗਾਇਕੀ ਚ ਸਰਗਰਮ ਹੈ।ਅਸਲ ਚ ਹੁਣ ਮਨੋਹਰ ਸੰਗੀਤ ਪੇਸ਼ਕਾਰ ਤੇ ਡੀ ਡੀ ਪੰਜਾਬੀ ਦੇ ਨਿੱਜੀ ਪ੍ਰੋਗਰਾਮ ਮੇਕਰ ਹਨ। ਜੀਵਨ ਸਾਥਣ ਰੇਹਾਨਾ ਨਾਲ ਸ਼ਾਦੀ ਦੀ ਸਾਲਗਿਰਹ ਤੇ ਮਨੋਹਰ ਧਾਰੀਵਾਲ ਤੇ ਰੇਹਾਨਾ ਨੇ ਇਹ ਕਸੌਲੀ ਜਾ ਕਿ ਮਨਾਈ, ਪਰਬਤਾਂ ਦਾ ਅਨੰਦ ਤੇ ਫਿਰ ਆ ਕਿ ਮੰਦਿਰ ਮੱਥਾ, ਗੁਰੂ ਘਰ ਅਰਦਾਸ, ਚਰਚ ਚ ਪ੍ਰਭੂ ਪ੍ਰਭੂ ਤੇ ਅੱਲ੍ਹਾ ਮੌਲਾ ਰਹਿਮਤ ਦੁਆ ਕੀਤੀ।ਮਨੋਹਰ ਧਾਰੀਵਾਲ ਨੇ ਕਿਹਾ ਕਿ ਨਵੇਂ ਸਾਲ ਤੇ ਓਹ ਪ੍ਰੋਗਰਾਮ ਟੀਵੀ ਲਈ ਤਿਆਰ ਕਰਨ ਦੀ ਯੋਜਨਾ ਬਣਾ ਰਹੇ ਨੇ ਤੇ ਰੇਹਾਨਾ ਨੇ ਕਿਹਾ ਕਿ ਓਹ ਫ਼ਿਲਮੀ ਗਾਇਕੀ ਤੱਕ ਪਹੁੰਚੇਗੀ, ਓਸ ਨੂੰ ਆਪਣੀ ਆਵਾਜ਼ ਤੇ ਫਖਰ ਹੈ।ਇਸ ਪਿਆਰੀ ਜੀਵਨ ਜੋੜੀ ਮਨੋਹਰ ਧਾਰੀਵਾਲ ਤੇ ਰੇਹਾਨਾ ਨੂੰ ਸਾਡੇ ਵੱਲੋਂ ਸਦਾ ਸੁਹਾਗਣ ਦੀ ਸ਼ੁੱਭ ਕਾਮਨਾ।_ਅੰਮ੍ਰਿਤ ਪਵਾਰ।